ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸਪਤਾਹਿਕ

# ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ 1977 (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

www.sribhainisahib.com ਜਿਲਦ-24 ਨੰਬਰ-1

29 ਮਾਘ ਤੋਂ 5 ਫੱਗਣ 2072 - 11 to 17 February 2016 ਵੀਰਵਾਰ, ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 201

## ਸਭੀ ਦੁਖ ਮਿਟ ਜਾਵਨਗੇ



ਖਾਲਸਾ ਜੀ ਤਕੜੇ ਹੋ ਕੇ ਭਜਨ ਬਾਣੀ ਕਰੋ। ਬਾਣੀ ਦਾ ਉਚਾਰ ਕਰੋ ਪ੍ਰਭਾਤੇ। ਭੋਗ ਗ੍ਰੰਥ ਸਾਹਿਬ ਦੇ ਪਾਓ ਜਿਤਨੇ ਪੁਜ ਆਵਨ। ਸੋ ਇਕ ਦੁਖ ਕਿਆ ਸਭੀ ਦੁਖ ਮਿਟ ਜਾਵਨਗੇ, ਸਤਿ ਕਰ ਮੰਨਣਾ।

# ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ 200 ਸਾਲਾ ਪ੍ਰਕਾਸ਼ ਪੁਰਬ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ।



ਪ੍ਰਕਾਸ਼: ਮਾਘ ਸੁਦੀ ਪੰਚਮੀ, 1872 ਬਿ:, ਰਾਈਆਂ, ਲੁਧਿਆਣਾ, ਪੰਜਾਬ।

**ਜਾਹੀ ਕੁਲ ਤੇ ਪ੍ਰਗਟਿ ਹੋਇ ਤਾ ਹੀ ਕੁਲ ਕੋ ਨਾਮ।**
**ਪੁਨ ਦ੍ਵਾਦਸ ਗੁਰਿੰਡ ਕੋ ਮੇਰੀ ਹੈ ਪਰਨਾਮ।**

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

# ਅਧਿਆਤਮਕ ਰਹਿਨੁਮਾ

# ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਸ੍ਰੀ ਸਤਿਗੁਰੂ ਰਾਮ ਸਿੰਘ ਜੀ
SRI SATGURU RAM SINGH JI

ਸਤਿਗੁਰੂ ਰਾਮ ਸਿੰਘ ਜੀ ਬਾਰੇ ਭਵਿੱਖਤ ਵਾਕਾਂ ਦੀ ਇਹ ਲਿਖਤ ਆਮ ਪ੍ਰਚਲਤ ਹੈ ਕਿ ਕਲਿਜੁਗ ਮੇ ਸਤਿਜੁਗ ਵਰਤਾਊ ਤਬੀ ਬਾਰ੍ਹਵਾਂ ਬਪ ਕਹਾਊ – ਕਲਿਜੁਗ ਮੇ ਸਤਿਜੁਗ ਕਰ ਠਾਨੋ ਤਬੀ ਬਾਰ੍ਹਵਾ ਬਪ ਪਹਿਚਾਣੋ

ਕਲਿਜੁਗ ਸ਼ਕਤੀਆਂ ਉਹ ਗਿਣੀਆਂ ਗਈਆਂ ਹਨ, ਜਿਨਾਂ ਨਾਲ ਮਨ ਵਿਚ ਵਿਕਾਰ ਪੈਦਾ ਹੋਏ, ਅੰਦਰੋਂ ਮੰਦੇ ਕਰਮ ਕਰਨ ਵਾਸਤੇ ਇਛਾ ਜਾਗੇ, ਆਪ ਵੀ ਮਨੁੱਖ ਆਪਣਾ ਖਾਣਾ-ਪੀਣਾ, ਸ਼ੁੱਧ ਪਵਿਤ੍ਰ ਸਾਤਵਿਕ ਨਾ ਰੱਖ ਸਕੇ ਅਤੇ ਉਹਨਾਂ ਦੇ ਪ੍ਰਭਾਵ ਵੀ ਲੋਭ, ਮੋਹ, ਹੰਕਾਰ, ਹਉਮੈ, ਈਰਖਾ, ਨਿੰਦਾ, ਚੁਗਲੀ, ਦੂਈ ਦਵੈਤ ਆਦਿ ਵਾਲਾ ਬਣ ਜਾਏ। ਜਦੋਂ ਸਤਿਗੁਰੂ ਇਹਨਾਂ ਬੁਰਿਆਈਆਂ ਨੂੰ ਮਾਰ ਕੇ ਕੱਢ ਦੇਂਦਾ ਹੈ ਤਾਂ ਮਨੁੱਖ ਸੱਚ ਸੁਚ, ਸੰਜਮ ਸਰਬਤ ਦੇ ਭਲੇ ਨਾਲ ਜੁੜ ਜਾਂਦਾ ਹੈ। ਗਿਆਨੀ ਗਿਆਨ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਅਧਿਆਤਮਕ ਦੇਣ ਸਤਿਜੁਗ ਵਰਤਾਉਣ ਨੂੰ ਇਸ ਕਾਵਿ ਤੁਕ ਰਾਹੀਂ ਦੱਸਿਆ ਹੈ :

*ਫੀਮ, ਭੰਗ, ਪੋਸਤ, ਸ਼ਰਾਬ, ਮਾਸ ਚੋਰੀ, ਯਾਰੀ*
*ਠੱਗੀ, ਤੱਜ ਥੀਏ ਸੰਤ ਸਤਿਜੁਗ ਆ ਗਇਓ।*

ਇਸ ਸਤਿਜੁਗ ਲਿਆਉਣ ਵਾਲੇ ਰੂਹਾਨੀ ਪੈਗੰਬਰ ਨੇ ਆਪ ਨਾਮ ਦੀ ਕਮਾਈ ਕੀਤੀ, ਭਜਨ ਬੰਦਗੀ ਕੀਤੀ, ਸਿਮਰਨ ਕੀਤਾ ਅਤੇ ਉਹ ਬਾਣੀ ਪੜੀ, ਜਿਹੜੀ ਰੂਹ ਦੀ ਖੁਰਾਕ ਦੇਂਦੀ ਸੀ, ਜਿਹੜੀ ਅਧਿਆਤਮਕ ਬਲ ਪੈਦਾ ਕਰਦੀ ਸੀ। ਸਤਿਗੁਰੂ ਜੀ ਨੇ ਬਚਪਨ ਤੋਂ ਹੀ ਹੱਥ ਕਾਰ ਵੱਲ ਅਤੇ ਚਿੱਤ ਯਾਰ ਵਲ ਰਖਿਆ। ਅਧਿਆਤਮਕ ਸ਼ਕਤੀਆਂ ਮਨੁੱਖ ਵਿੱਚ ਮਨੋਬਲ ਪੈਦਾ ਕਰਦੀਆਂ ਹਨ, ਇਸਨੂੰ ਸੰਜੋਈ ਰੱਖਦੀਆਂ ਹਨ ਅਤੇ ਵਧਾਉਂਦੀਆਂ ਹਨ। ਉਹ ਕਿਸੇ ਨਾਲ ਵੈਰ ਭਾਵਨਾ ਨਹੀਂ ਰਖਦਾ, ਤਪੱਸਿਆ ਕਰਨ ਦੀ ਪ੍ਰਾਪਤੀ ਨੂੰ ਹੀ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਆਧਾਰ ਤੇ ਲਿਖਿਆ ਹੈ :

*ਭਾਰੀ ਕਰੀ ਤਪਸਿਆ*
*ਵੱਡੇ ਭਾਗ ਹਰ ਸਿਉ ਬਣ ਆਈ।*

ਸ੍ਰੀ ਭੈਣੀ ਸਾਹਿਬ ਦਾ ਅਕਾਲ ਬੁੰਗਾ ਅੱਜ ਵੀ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਦੋ ਦਹਾਕੇ ਉਥੇ ਬੈਠ ਕੇ ਲਗਾਤਾਰ ਭਜਨ ਬੰਦਗੀ ਕੀਤੀ, ਸਿਮਰਨ ਕੀਤਾ ਅਤੇ ਪ੍ਰਭੂ ਨਾਲ ਆਤਮਿਕ ਤੌਰ ਤੇ ਇਕ ਮਿਕ ਹੋ ਗਏ। ਭਜਨ ਬੰਦਗੀ ਲਈ ਅੰਮ੍ਰਿਤ ਵੇਲੇ ਸਣੇਕੇਸੀਂ ਇਸ਼ਨਾਨ ਕਰਕੇ ਸੁੱਚ ਪਵਿੱਤਰ ਦੇ ਧਾਰਨੀ ਹੋ ਕੇ ਚੌਕੜਾ ਮਾਰ ਕੇ ਆਪਣੀ ਮਨ ਬਿਰਤੀ ਇਕਾਗਰ ਕਰਕੇ ਅਕਾਲ ਬੁੰਗੇ ਬੈਠਦੇ ਸਨ।

ਸਤਿਗੁਰੂ ਰਾਮ ਸਿੰਘ ਜੀ ਨੇ 1857 ਈ. ਵਿਚ ਨਾਮਧਾਰੀ ਪੰਥ ਦੀ ਸਥਾਪਨਾ ਕੀਤੀ। ਉਹਨਾਂ ਸਿੱਖ ਪੰਥ ਵਿਚ ਆਈਆ ਕੁਰੀਤੀਆਂ, ਕੁਰਿਹਤਾਂ ਦੂਰ ਕਰਨ ਲਈ ਇਹ ਕੀਤਾ। ਇਸ ਪੰਥ ਨੂੰ ਉਹਨਾਂ ਨੇ ਅਧਿਆਤਮਕ ਸ਼ਕਤੀ ਦੇਣ ਲਈ ਭਜਨ ਬੰਦਗੀ ਦਾ ਰਾਹ ਤੋਰਿਆ। ਡਾ. ਹਰਭਜਨ ਸਿੰਘ ਗੁਰੁ ਸਿਖ ਦੇ ਰਿਸ਼ਤੇ ਬਾਰੇ ਲਿਖਦੇ ਹਨ, "ਸਤਿਗੁਰੂ ਰਾਮ ਸਿੰਘ ਅਤੇ ਉਹਨਾ ਦੇ ਸਿੱਖਾਂ ਵਿਚਕਾਰ ਅਧਿਆਤਮਕ ਤੇ ਸਭਿਆਚਾਰਕ ਗੁਣਾਂ ਦੀ ਐਸੀ ਸਾਂਝ ਸੀ ਕਿ ਉਹ ਦ੍ਵੈ ਤੇ ਏਕ ਰੂਪ ਹ੍ਵੈ ਗਯੋ ਜਾਪਦੇ ਹਨ। ਇਸ ਅਵਸਥਾ ਤਕ ਉਹੀ ਸੰਤ ਜਨ ਹੀ ਪਹੁੰਚਦੇ ਹਨ ਜਿਹਨਾਂ ਆਪਣਾ ਆਪਾ ਪਰਕਾ ਮੇਟ ਦਿੱਤਾ ਹੈ।"

ਸਤਿਗੁਰੂ ਜੀ ਨੇ, ਸ੍ਰੀ ਭੈਣੀ ਸਾਹਿਬ, ਨਜ਼ਰਬੰਦੀ ਸਮੇਂ ਸਾਧ ਸੰਗਤ ਵਾਸਤੇ ਰਹਿਤਨਾਮਾ ਭੇਜਿਆ ਜਿਥੇ ਉਹਨਾਂ ਉਸ ਰਹਿਤਨਾਮੇ ਵਿਚ ਸੁੱਚ, ਪਵਿੱਤ੍ਰਾ ਰੱਖਣ ਦੀ ਗੱਲ ਸਮਝਾਈ। ਉਥੇ ਬਾਣੀ ਪੜ੍ਹਨ ਦੀ ਤਾਕੀਦ ਵੀ ਕੀਤੀ ਤੇ ਨਾਲ ਹੀ ਕਿਹਾ, "ਭਜਨ ਅਠੇ ਪਹਿਰ ਕਰਨਾ ਗੁਰੂ ਸੱਚੇ ਦਾ" ਸਤਿਗੁਰੂ ਜੀ ਨੇ ਸਿੱਖਾਂ ਅੰਦਰ ਨਿਮਰ ਹੋਣ ਦਾ ਉਪਦੇਸ਼ ਦਿੱਤਾ ਕਿਸੇ ਨੂੰ ਵੀ ਮੰਦਾ ਫਿਕਾ ਨਾ ਬੋਲਣ ਦੀ ਸਿਖਿਆ ਦਿਤੀ। ਰਹਿਤਨਾਮੇ ਦੇ ਸ਼ਬਦ ਸਨ :

**"ਕਿਸੇ ਨੇ ਮੰਦਾ ਫਿਕਾ ਨਹੀ ਬੋਲਣਾ, ਖ਼ਿਮਾ ਕਰਨੀ ਬੋਲ ਕੁਬੋਲ ਸਹਿ ਜਾਣਾ ਸਭ ਦਾ, ਜੋ ਕੋਈ ਮਾਰੇ ਕੁਛ ਤਾਂ ਭੀ ਖ਼ਿਮਾ ਕਰਨੀ, ਤੁਸਾਂ ਦਾ ਰੱਛਕ ਗੁਰੂ ਹੈ ਹਰ ਬਖਤ ਤੁਸੀਂ ਬਹੁਤ ਆਪਣੀ ਭਲਾਈ ਛੁਪਾਉਣ ਦੀ ਕਰਨੀ।"**

ਇਹੀ ਭਾਵਨਾ ਗੁਰਬਾਣੀ ਵਿਚ, ਸੂਫ਼ੀ ਫਕੀਰ ਸ਼ੇਖ ਫਰੀਦ ਦੀ ਹੈ :

***"ਫਰੀਦਾ ਜੋ ਤੈ ਮਾਰਨ ਮੁਕੀਆ***
***ਤਿਨਾ ਨਾ ਮਾਰੈ ਘੁੰਮ।***

ਭਜਨ ਬੰਦਗੀ ਕਰਨ ਕਰਕੇ ਸਤਿਗੁਰੂ ਜੀ ਅਧਿਆਤਮਕ ਤੌਰ ਤੇ ਇਨ੍ਹੇ ਬਲਵਾਨ ਸਨ ਕਿ ਉਹਨਾਂ ਨੂੰ ਸਹਿਜ ਅਵਸਥਾ ਵਿਚ ਵੇਖਣ ਨਾਲ ਆਪਣੇ ਅੰਦਰ ਵੀ ਐਸੀ ਭਾਵਨਾ ਹੀ ਆ ਜਾਂਦੀ ਸੀ। ਉਹ ਇਕੱਲੇ ਇਕੱਲੇ ਜਾ ਇਕੱਠਿਆਂ ਨੂੰ। ਜਦੋਂ ਵੀ ਜਿਵੇਂ ਵੀ ਕੰਨ ਵਿਚ ਗੁਰਮੰਤਰ ਦਿੰਦੇ ਉਹ ਮੰਤਰ ਤਤਕਾਲ ਫਲੀਭੂਤ ਹੁੰਦਾ। ਉਹ ਵਿਅਕਤੀ ਮਸਤ ਹੋ ਜਾਂਦੇ, ਨਾਮ ਦੇ ਰੰਗ ਵਿਚ ਰੰਗੇ ਜਾਂਦੇ। ਰਿਧੀਆਂ ਸਿਧੀਆਂ ਤਾਂ ਉਹਨਾਂ ਵਾਸਤੇ ਕੋਈ ਵੱਡੀ ਗੱਲ ਨਹੀਂ ਸੀ। ਦੁਖ਼ਾਂ ਕਲੇਸਾਂ ਦਾ ਨਾਸ ਤਾਂ ਉਹਨਾਂ ਦਾ ਹੋਣਾ ਹੀ ਹੈ।

ਰੰਗੂਨ, ਬਰਮਾ (ਮਯਾਮਾਰ) ਤੋਂ ਲਿਖੇ ਆਪਣੇ ਹੁਕਮਨਾਮੇ ਵਿਚ ਸਤਿਗੁਰੂ ਜੀ ਭਜਨ ਬੰਦਗੀ ਦੀ ਪ੍ਰੇਰਣਾ ਦੇਣ ਵਾਲੀ ਬਾਣੀ ਪੜ੍ਹਨ ਅਤੇ ਉਸ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਅਧਿਆਤਮਕ ਉਚਤਾ ਪ੍ਰਾਪਤ ਕਰਨ ਲਈ ਭਜਨ ਕਰਨ ਦੀ ਤਾਕੀਦ ਕਰਦੇ ਹਨ :

ਜੋ ਬਾਣੀ ਪੜੇਗਾ ਅਰ ਭਜਨ ਕਰੇਗਾ ਸੋ ਉਸ ਕੇ ਵਾਸਤੇ ਸਭ ਸੁਖ ਹੋਨਗੇ। ਰਿਜਕਦੇ ਬਿਚ ਬੀ ਬਰਕਤ ਹੋਉਗੀ। ਸਰੀਰ ਬੀ ਅਰੋਗ ਰਹੇਗਾ। ਹਰਿ ਤਰਾ ਸੇ ਉਸ ਸਰੀਰ ਦੀ ਗੁਰੂ ਰਛਿਆ ਕਰੇਗਾ।

ਸਬਰ-ਸੰਤੋਖ, ਅਧਿਆਤਮਕ ਮਨੁੱਖ ਅੰਦਰ ਹੀ ਆਵੇਗਾ, ਉਸ ਦੀ ਤ੍ਰਿਸ਼ਨਾ ਦੀ ਅੱਗ ਵੀ ਬੁਝੀ ਰਹੇਗੀ, ਉਹ ਪੁੰਨ ਦਾਨ ਵੀ ਕਰੇਗਾ। ਨਾਮ ਬਾਣੀ ਨਾਲ ਜੁੜਨ ਵਾਸਤੇ ਉਹ ਅੰਮ੍ਰਿਤ ਵੇਲੇ ਉਠੇਗਾ, ਇਸ਼ਨਾਨ ਪਾਣੀ ਕਰੇਗਾ ਅਤੇ ਸ਼ਾਂਤ ਚਿਤ ਹੋ ਕੇ ਸਮਾਧੀ ਲਾ ਕੇ ਬੈਠੇਗਾ। ਉੱਦਮ ਉਸਨੂੰ ਦਿਨ ਫੁਰਤੀ ਨਾਲ ਕੰਮ ਕਰਨ ਦੀ ਸਮਰੱਥਾ ਦੇਵੇਗਾ ਅਤੇ ਨਾਲ ਹੀ ਉਹ ਨਿਮਰਤਾ ਮਨ ਵਿਚ ਧਾਰੇਗਾ। ਗੁਰਮਤਿ ਦਾ ਅਨੁਯਾਈ ਹੋਵੇਗਾ। ਇਕ ਅਰਦਾਸ ਦੇ ਉਤਰ ਵਿਚ ਉਹ ਇਹ ਲਿਖਦੇ ਹਨ:

**-ਹੋਰ ਭਾਈ ਤੂ ਜੋ ਲਿਖਾ ਹੈ ਔਗਣਹਾਰ ਹਾ, ਸੋ ਜੀ ਭੁਲਣ ਅੰਦਰ ਸਭੁ ਕੋ, ਅਭੁਲੁ ਗੁਰੂ ਕਰਤਾਰ। ਭਾਈ ਭਜਨ ਬਾਣੀ ਕਰਕੇ ਏਹੁ ਮੰਗਣਾ ਹੈ, 'ਹੇ ਗੁਰੂ ਬਖਸ਼ ਲੈ। ਤੇਰਾ ਪਤਿਤ ਪਾਵਨ ਵਿਰਦ ਹੈ। ਦੁਖ ਸੁਖ ਮੈ ਵਿਸਰ ਨਾ ਜਾਈ ਗੁਰਮਤਿ ਦਾ ਖੈਰੁ, ਪਾਈ ਆਪਣੀ ਦਰਗਾਹੋ ਮਨਮਤਿ ਤੇ ਰੱਖ ਲਈ ਹਰ ਵੇਲੇ ਏਹੁ ਅਰਜ਼ ਕਰਨੀ। -ਹੁਕਮਨਾਮਾ 12**

ਇਕ ਹੋਰ ਹੁਕਮਨਾਮੇ ਵਿਚ ਤਾਕੀਦ ਕੀਤੀ ਹੈ :

**- ਹੇ ਮਹਾਰਾਜ ਮੈਨੂ ਦੂਜੇ ਭਾਇ ਤੇ ਸਦਾ ਈ ਰਾਖਿ ਲਈ। ਤੇਰੇਆਂ ਚਰਨਾਂ ਤੇ ਬਿਨਾਂ ਮੇਰੀ ਦੂਜੇ ਥਾਂ ਕਦੇ ਵੀ ਪ੍ਰਤੀਤ ਨਾ ਹੋਵੇ। ਮਹਾਰਾਜ ਮੈਨੂ ਸਦਾ ਈ ਬੇਮੁਖੀ ਤੇ ਰੱਖ ਲਈ। ਬੇਮੁਖੀ ਤੇ ਰਖਿ ਲਈ। ਬੇਮੁਖੀ ਏਸ ਦਾ ਨਾਉ ਹੈ ਜੋ ਗੁਰੂ ਕੇ ਹੁਕਮ ਤੇ ਫਿਰ ਜਾਣਾ ਬਡਾ ਦੁਖ ਹੈ ਬੇਮੁਖੀ ਦਾ। -ਹੁਕਮਨਾਮਾ 53**

ਸਤਿਗੁਰੂ ਜੀ ਦੀ ਕਮਾਈ ਕਿਉਂਕਿ ਅਧਿਆਤਮਕ ਸੀ। ਸੰਸਾਰਕ ਪੱਖ ਜਾਂ ਦੂਜੇ ਨੰਬਰ ਤੇ ਸੀ ਏਹੀ ਭਾਵਨਾ ਉਹਨਾਂ ਆਪਣੇ ਸਿੱਖਾਂ ਅੰਦਰ ਪੈਦਾ ਕੀਤੀ। ਸਤਿਗੁਰੂ ਜੀ ਦੀ ਏਸ ਭਾਵਨਾ ਬਾਰੇ ਡਾ ਰਾਇ ਜਸਬੀਰ ਸਿੰਘ ਨੇ ਲਿਖਿਆ ਹੈ :

*"ਸਤਿਗੁਰੂ ਜੀ ਰਾਹੀ ਪਾਠ ਕਰਨਾ, ਮਾਲਾ ਫੇਰਨਾ, ਭਜਨ ਕਰਨਾ, ਬਾਣੀਆਂ ਕੰਠ ਕਰਨ ਸੰਬੰਧੀ ਹਦਾਇਤਾਂ ਦਾ ਸੰਬੰਧ ਮਨੁੱਖ ਦੇ ਆਤਮਿਕ ਵਿਕਾਸ ਦੇ ਨਾਲ ਨਵੀਂ ਸਦੀ ਦੀਆਂ ਸਮਸਿਆਵਾਂ ਚਿੰਤਾਵਾਂ ਤੇ ਮਾਨਸਿਕ ਖਿਚਾਵ ਦੂਰ ਕਰਨ ਨਾਲ ਵੀ ਹੈ। ਸਰਬ ਰੋਗ ਦਾ ਅਉਖਧ ਨਾਮ ਦੇ ਹਵਾਲੇ ਇਹਨਾਂ ਸਮਸਿਆਵਾਂ ਲਈ ਵੀ ਕਾਰਗਰ ਹਨ।"*

ਸਤਿਗੁਰੂ ਜੀ ਆਪਣੀ ਰੂਹਾਨੀਅਤ ਦੀ ਦ੍ਰਿਸ਼ਟੀ ਰਾਹੀਂ ਸਿਖਾਂ ਅੰਦਰ ਸੰਚਾਰ ਕਰਦੇ ਹਨ। ਉਹ ਸਿੱਖ ਇਸੇ ਕਰਕੇ ਆਪ ਜੀ ਦੀ ਦੱਸੀ ਹੋਈ ਮਰਯਾਦਾ ਅਨੁਸਾਰ ਹਰ ਤਰ੍ਹਾਂ ਦੇ ਨਸ਼ਿਆਂ ਪੱਤਿਆਂ ਐਸ਼ ਆਰਾਮ ਨੂੰ ਘਾਹ ਨਹੀਂ ਪਾਉਂਦੇ। ਉਹ ਆਪਣਾ ਅੰਦਰ ਤਾਂ ਸ਼ੁੱਧ ਕਰਦੇ ਹੀ ਹਨ ਆਪਣਾ ਵਿਹਾਰ ਵੀ ਸ਼ੁੱਧ ਰਖਦੇ ਹਨ। ਸਤਿਗੁਰੂ ਜੀ ਨੇ ਖੁਦ ਵੀ ਜਦੋਂ ਲੋਹੇ ਕਪੜੇ ਦੀ ਦੁਕਾਨ ਕੀਤੀ ਤਾਂ ਉਸ ਵਿਚੋਂ ਸਰਦਾ ਬਣਦਾ ਹੀ ਮੁਨਾਫਾ ਲਿਆ ਕਿਤੇ ਗ੍ਰਾਹਕ ਨੂੰ ਠੱਗਣ ਦੀ ਸੋਚ ਹੀ ਨਹੀਂ ਸੋਚੀ। ਸਗੋਂ ਜੋ ਕਮਾਈ ਹੋਈ, ਜੋ ਲਾਭ ਹੋਇਆ ਉਹਨੂੰ ਵੀ ਪੁੰਨ-ਦਾਨ ਵਾਲੇ ਪਾਸੇ ਲਾ ਦਿੱਤਾ ਅਤੇ ਸਿਖਾਂ ਨੂੰ ਸਿਖਿਆ ਵੀ ਇਹੀ ਦਿਤੀ ਕਿ ਧਨ ਪੁੰਨ ਦਾਨ ਤੇ ਨਹੀਂ ਘੱਟਦਾ ਮੰਦੇ ਕਮਾਂ ਤੇ ਘੱਟਦਾ ਹੈ। ਮੰਦੇ ਪਾਸੇ ਖਰਚ ਕਰਿਆ ਘੱਟਦਾ ਹੈ।

ਸਤਿਗੁਰੂ ਜੀ ਮਨੁੱਖਾ ਜਨਮ ਨੂੰ ਨਾਮ ਜਪਣ ਵਾਸਤੇ ਉਤਮ ਮੰਨਦੇ ਹਨ ਅਤੇ ਹੋਰ ਚੰਗੇ ਕਰਮ ਕਰਨ ਵਾਸਤੇ ਮੰਨਦੇ ਹਨ। ਉਹਨਾਂ ਨੇ ਲਿਖਿਆ ਹੈ ਕਿ ਕਿਸੇ ਹੋਰ ਜੂਨ ਵਿਚ ਪਿਆ ਜੀਵ ਨਾਮ ਦਾਨ ਇਸ਼ਨਾਨ ਕੁਝ ਵੀ ਨਹੀਂ ਕਰ ਸਕਦਾ।

ਅਧਿਆਤਮਕ ਬਿਰਤੀ ਹੋਣ ਕਰਕੇ ਹੀ ਉਹ ਸਮਝਦੇ ਹਨ ਕਿ ਅਕਾਲ ਪੁਰਖ ਦੇ ਭਾਣੇ ਵਿਚ ਹੀ ਸਭ ਕੁਝ ਹੋ ਰਿਹਾ ਹੈ। ਉਸ ਦੇ ਹੁਕਮ ਬਿਨਾਂ ਪੱਤਾ ਵੀ ਨਹੀਂ ਹਿਲ ਸਕਦਾ। ਇਸ ਸਾਰੇ ਕੁਝ ਨੂੰ ਸਮਝਣ ਲਈ ਸਤਿਗੁਰੂ ਜੀ ਆਪਣੇ ਸਿਖਾਂ ਨੂੰ ਬਾਣੀ ਪੜ੍ਹਨ ਲਈ ਪ੍ਰੇਰਣਾ ਦਿੰਦੇ ਹਨ।

ਅੱਛੀ ਤਰਾ ਨਿਗਾਹ ਕਰਕੇ ਦੇਖ ਲੇਹੁ ਸਾਰੇ ਹੀ-ਬਾਣੀ ਪੜਨ ਵਾਲਾ ਕੋਈ ਭਾਵੇਂ ਡਿਗਾ ਹੋਵੇ। ਨਹੀ ਬਾਣੀ ਪੜਨ ਵਾਲੇ ਬਹੁਤ ਡਿਗੇ ਹੋਣਗੇ ਮੈਨੂ ਤਾ ਇਉ ਮਾਲੂਨ ਹੁੰਦੀ ਹੈ ਅਗੇ ਭਾਈ ਖਾਲਸਾ ਜੀ ਗੁਰੂ ਦੀ ਤਾ ਗੁਰੂ ਹੀ ਜਾਣੇ।

**- ਸੋ ਜੀ ਮੇਰਾ ਤਾ ਇਹੁ ਕਹਿਣਾ ਹੈ ਬਾਰਮ ਬਾਰ ਦਾ ਜੋ ਬਾਣੀ ਪੜੋ ਨਾਲੇ ਭਜਨ ਕਰੋ ਦੋਵੇਂ ਕਰਨੇ ਭਜਨੁ ਬਿਨਾਂ ਬਾਣੀ ਨਾਲ ਪ੍ਰੀਤੀ ਨਹੀ ਲਗਦੀ ਤੇ ਬਾਣੀ ਬਿਨਾ ਭਜਨੁ ਨਾਲ ਪ੍ਰੀਤੀ ਨਹੀ ਲਗਦੀ।**

**- ਭਜਨ ਬਿਨਾ ਬਾਣੀ ਭਾਵੇਂ ਪੜੀ ਈ ਪਰ ਬਾਣੀ ਦੇ ਮਤ ਨੂੰ ਨਹੀ ਸਮਝ ਸਕਦਾ।**


ਸਤਿਗੁਰੂ ਰਾਮ ਸਿੰਘ ਜੀ ਨੇ ਸਿਖਾਂ ਨੂੰ ਇਹੁ ਦ੍ਰਿਸ਼ਟੀ ਦਿਤੀ। ਇਸ ਦ੍ਰਿਸ਼ਟੀ ਨੂੰ ਸਮਝ ਕੇ ਪ੍ਰਭੂ ਭਗਤੀ ਵਿਚ ਲੀਨ ਹੋ ਕੇ ਉਹਨਾਂ ਅੰਦਰ ਆਤਮਿਕ ਤੇ ਅਧਿਆਤਮਿਕ ਬਲ ਦਾ ਸੰਚਾਰ ਹੋਇਆ। ਇਸੇ ਬਲ ਕਰਕੇ ਹੀ ਉਹਨਾਂ ਨੂੰ ਉਸ ਹਕੂਮਤ ਤੋਂ ਕਦੇ ਭੈ ਨਹੀਂ ਆਇਆ ਜਿਸ ਦੇ ਰਾਜ ਵਿਚ ਕਦੀ ਸੂਰਜ ਨਹੀਂ ਸੀ ਡੁੱਬਦਾ, ਜਿਹੜੀ ਜ਼ੁਲਮ ਜ਼ਬਰ ਦੀ ਪ੍ਰਤੀਕ ਸੀ। ਜਿਸਨੇ ਵਡੇ-ਵਡੇ ਰਾਜਿਆਂ ਮਹਾਰਾਜਿਆਂ ਨਵਾਬਾਂ ਨੂੰ ਆਪਣੇ ਪੈਰਾਂ ਤੇ ਝੁਕਾ ਲਿਆ ਜਾਂ ਉਹਨਾਂ ਦਾ ਮਲੀਆ ਮੇਟ ਕਰ ਦਿੱਤਾ।

ਨਾਮਧਾਰੀ ਸਿੱਖ ਅੰਗਰੇਜ਼ ਰਾਜ ਦੇ ਕੱਟੜ ਵੈਰੀ ਰਹੇ ਉਹਨਾਂ ਨੂੰ ਨਾਂ ਫਾਂਸੀ ਦੀਆਂ ਰੱਸੀਆਂ ਨੇ, ਕਾਲੇ ਪਾਣੀ ਦੀਆਂ ਸਜਾਵਾਂ ਨੇ, ਤੋਪਾਂ ਦਿਆਂ ਗੋਲੇਆਂ ਨੇ ਜਾਂ ਕਿਸੇ ਹੋਰ ਪ੍ਰਕਾਰ ਦੇ ਤਸ਼ਦਦ ਨੇ ਡਰਾਇਆ। ਉਸ ਹਰ ਤਰ੍ਹਾਂ ਦੇ ਜ਼ੁਲਮ ਜ਼ਬਰ ਨੂੰ ਆਪਣੇ ਸਬਰ ਨਾਲ ਸਹਿਨ ਲਈ ਦ੍ਰਿੜ ਰਹੇ। ਸਰਕਾਰ ਦੀ ਹਰ ਸਖਤੀ ਨੂੰ ਸਹਿੰਦੇ ਰਹੇ ਕਿਉਂਕਿ ਉਹਨਾਂ ਦੇ ਪਿਛੇ ਸਤਿਗੁਰੂ ਰਾਮ ਸਿੰਘ ਜੀ ਦਾ ਦਿੱਤਾ ਅਧਿਆਤਮਿਕ ਬਲ ਸੀ, ਰੂਹਾਨੀਅਤ ਸ਼ਕਤੀ ਸੀ ਅਤੇ ਇਹ ਰੂਹਾਨੀਅਤ ਸ਼ਕਤੀ ਦੇਣ ਵਾਲੇ ਰਹਿਨੁਮਾ ਸਤਿਗੁਰੂ ਰਾਮ ਸਿੰਘ ਜੀ ਸੰਸਾਰ ਵਿਚ ਇਕ ਚਾਨਣ ਮੁਨਾਰਾ ਹਨ।

***-ਤਾਰਾ ਸਿੰਘ ਅਨਜਾਣ***

# ਪ੍ਰਵਚਨ
# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣੇ ਨੇ



*ਸਾਨੂੰ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕਰਨੀ ਚਾਹੀਦੀ ਹੈ ਕਿ ਸਾਡੇ ਤੇ ਕਿਰਪਾ ਹੋਵੇ ਤੇ ਸਾਨੂੰ ਆਪ ਜੀ ਦੇ ਦਰਸ਼ਨ ਹੋਣ, ਤੇ ਸਾਰੇ ਸੰਸਾਰ ਤੇ ਸ਼ਾਂਤੀ ਹੋਵੇ।*

*ਮੈਨੂੰ ਇਕ ਗੱਲ ਯਾਦ ਆ ਗਈ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰੀਰ ਸ਼ਾਂਤ ਹੋਣ ਤੋਂ ਬਾਦ ਪਹਿਲੀ ਵੇਰ ਮੈਂ ਜਦੋਂ ਸਿਆਮ (ਥਾਈਲੈਂਡ) ਵਿਚ ਗਿਆ, ਸੰਨ 1960-61 ਦੇ ਨੇੜੇ ਦੀ ਗੱਲ ਹੋਵੇਗੀ। ਓਥੇ ਇਕ ਸਾਧੂ ਸੀ। ਉਹਦੀ ਉਸ ਵੇਲੇ 32 ਕੁ ਸਾਲ ਦੀ ਉਮਰ ਸੀ। ਉਸ ਦੇ ਬਿਆਨ ਬਾਰੇ ਬਹੁਤ ਸਾਰੇ ਸਿੱਖਾਂ ਨੇ ਮੈਨੂੰ ਦੱਸਿਆ ਕਿ ਅਖਬਾਰਾਂ ਵਿਚ ਇਕ ਗੱਲ ਆਈ ਹੈ ਕਿ- ਸਾਰੀ ਦੁਨੀਆਂ ਵਿਚ ਅਸ਼ਾਂਤੀ ਫੈਲੇਗੀ ਤੇ ਕੁਦਰਤੀ ਬਿਮਾਰੀਆਂ ਵਧਣਗੀਆਂ। ਸਮੁੰਦਰ ਵਿਚ ਤੂਫ਼ਾਨ ਆਉਣਗੇ। ਐਹੋ ਜਿਹੀਆਂ ਚੀਜ਼ਾਂ ਹੋਣਗੀਆਂ। ਕੁਦਰਤੀ ਆਫਤਾਂ ਆਉਣਗੀਆਂ। ਆਪਸ ਵਿਚ ਲੜਾਈ ਝਗੜੇ ਫਸਾਦ ਹੋਣਗੇ। ਸੋ ਉਹਨਾਂ ਨੇ ਆਖਿਆ ਬੋਧੀਆਂ ਦੇ ਸੰਮਤ 2500 (ਦੋ ਹਜ਼ਾਰ ਪੰਜ ਸੌ) ਤੋਂ ਬਾਦ ਬਰਮਾ ਦੀਆਂ ਪਹਾੜੀਆਂ ਵਿਚੋਂ ਇਕ ਅਵਤਾਰ ਪ੍ਰਗਟ ਹੋਵੇਗਾ। ਉਹਨਾਂ ਦਾ ਸਫੈਦ ਦਾੜ੍ਹਾ, ਸਫੈਦ ਘੋੜਾ ਤੇ ਸਫੈਦ ਬਸਤਰ ਹੋਣਗੇ। ਉਹਨਾਂ ਦੇ ਆਉਣ ਨਾਲ ਕੁਲ ਸੰਸਾਰ ਤੇ ਸ਼ਾਂਤੀ ਹੋਵੇਗੀ। ਸੋ ਇਹ ਉਸਨੇ (ਸਾਧੂ ਨੇ) ਰੇਡੀਓ ਤੇ ਬਿਆਨ ਦਿੱਤਾ ਅਤੇ ਅਖਬਾਰਾਂ ਵਿਚ ਆਇਆ। ਮੈਂ ਉਹਨਾਂ ਨੂੰ ਲਮਪੌਂਗ ਸ਼ਹਿਰ, ਚੰਗਮਈ ਸ਼ਹਿਰ ਦੇ ਕੋਲ, ਜਾ ਕੇ ਮਿਲਿਆ। ਉਹਨਾਂ ਨੇ ਆਖਿਆ ਇਹ ਸਾਡੀਆਂ ਪੁਰਾਣੀਆਂ ਪੁਸਤਕਾਂ ਵਿਚ ਲਿਖਿਆ ਹੈ, ਤਾੜ ਪੱਤਰਾਂ ਤੇ। ਅਸਾਂ ਉਹ ਕੱਢ ਕੇ ਪੁਰਾਣੀਆਂ ਕਿਤਾਬਾਂ ਛਾਪੀਆਂ ਨੇ। ਉਹਨਾਂ ਵਿਚ ਜ਼ਿਕਰ ਆਇਆ ਹੈ। ਅਸੀਂ ਇਸ ਨੂੰ ਸੱਚਾ ਮੰਨਦੇ ਹਾਂ।*

**ਕੰਜਲਕ ਨੈਨ ਕੰਬੂ ਗ੍ਰੀਵਹਿ**
**ਕਟਿ ਕੇਹਰ ਕੁੰਜਨ ਗਵਨ।।**
**ਕਦਲੀ ਕੁਰੰਕ ਕਰਪੂਰ ਗਤ ਬਿਨ**
**ਅਕਾਲ ਦੂੱਜੋ ਕਵਨ।।**

*ਸਤਿਗੁਰੂ ਰਾਮ ਸਿੰਘ ਜੀ ਤੋਂ ਬਿਨਾਂ ਐਸਾ ਕੌਣ ਹੋ ਸਕਦਾ ਹੈ? ਇਸ ਲਈ ਸਤਿਗੁਰਾਂ ਦੇ ਦਰਸ਼ਨਾਂ ਵਾਸਤੇ ਅਰਦਾਸ ਕਰਿਆ ਕਰੋ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੜੀ ਕਿਰਪਾ ਕੀਤੀ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਢਾਈ ਲੱਖ ਪਾਠ, ਸਵਾ ਸਵਾ ਲੱਖ ਦੋ ਵੇਰਾਂ ਕਰਵਾਏ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਕਰਵਾਏ ਹਨ। ਕੋਈ ਪੁੱਤਰ ਪੋਤਰਿਆਂ ਵਾਸਤੇ ਨਹੀਂ ਕਰਵਾਏ। ਇਹ ਪਾਠ ਜ਼ਮੀਨਾਂ ਖਰੀਦਣ ਵਾਸਤੇ ਨਹੀਂ ਕਰਵਾਏ ਸਿਰਫ ਇਸ ਲਈ ਕਰਵਾਏ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ ਅਤੇ ਸਾਰੇ ਸੰਸਾਰ ਉੱਤੇ ਸ਼ਾਂਤੀ ਹੋਵੇ।*

*ਇਨ੍ਹਾਂ ਪਾਠਾਂ ਦੀ ਬੜੀ ਮੁਖਾਲਫਤ ਹੋਈ। ਗਿਆਨੀ ਮੇਹਰ ਸਿੰਘ ਹੋਰੀਂ ਜਾਣਦੇ ਨੇ ਕਿ ਪੱਤਰਾ ਪਾਠ ਦੀ ਮੁਖਾਲਫਤ ਇਹ ਆਖ ਕੇ ਕੀਤੀ ਗਈ ਕਿ ਦੇਹ ਦਾ ਅੰਗ ਅੰਗ ਕਰ ਦਿੱਤਾ ਹੈ। ਉਹਨਾਂ ਨੂੰ ਬੜਾ ਸਮਝਾਇਆ ਕਿ ਗੁਟਕੇ, ਪੰਜ ਗ੍ਰੰਥੀਆਂ ਬੜੇ ਛਪੇ ਨੇ, ਓਦੋਂ ਅੰਗ ਅੰਗ ਨਹੀਂ ਹੋਇਆ ਤਾਂ ਹੁਣ ਕਿਵੇਂ ਹੋ ਗਿਆ ? ਨਾਮਧਾਰੀ ਸਿੰਘ ਹਰ ਇਕ ਪੱਤਰੇ ਦਾ ਓਨਾ ਹੀ ਅਦਬ ਕਰਦਾ ਹੈ ਜਿੰਨਾ ਕਿ ਸ੍ਰੀ ਗ੍ਰੰਥ ਸਾਹਿਬ ਦਾ ਅਦਬ ਕਰਦਾ ਹੈ। ਸਾਰੇ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਨ ਲਗਦਾ ਹੈ ਤਾਂ ਸਨੇਕੇਸੀਂ ਇਸ਼ਨਾਨ ਕਰਕੇ, ਪਵਿੱਤਰ ਹੋ ਕੇ ਕਰਦਾ ਹੈ। ਜੰਗਲ ਜਾਂਦਾ ਹੈ ਤਾਂ ਬਸਤਰ ਧੋਂਦਾ ਹੈ। ਇਕ ਪੱਤਰੇ ਦਾ ਵੀ ਪਾਠ ਕਰਦਾ ਹੈ ਤਾਂ ਏਸੇ ਮਰਯਾਦਾ ਨਾਲ ਕਰਦਾ ਹੈ ਜਿਥੇ ਮਿਟੀ ਦੇ ਤੇਲ ਦੀਆਂ ਬੱਤੀਆਂ ਜਗਾ ਕੇ, ਬੂਟਾਂ ਵਾਲੇ ਪੈਰਾਂ ਨਾਲ ਜਾ ਕੇ ਪਾਠ ਕਰਨ ਲਗ ਪੈਣ, ਕੀ ਉਹ ਅਦਬ ਹੈ? ਬਾਅਦ ਵਿਚ ਉਹਨਾਂ ਦੱਸਿਆ ਕਿ ਗੱਲ ਅਸਲ ਵਿਚ ਇਹ ਸੀ ਕਿ ਕੂਕਿਆਂ ਨੂੰ ਚਾਰ ਗਾਲ੍ਹਾਂ ਕੱਢਣੀਆਂ ਸਨ। ਹੋਰ ਪਾਠ ਦੀ ਤੇ ਕੋਈ ਗੱਲ ਹੀ ਨਹੀਂ ਸੀ। ਸੋ ਕੋਈ ਗਾਲ੍ਹਾਂ ਕੱਢੇ ਕੁਝ ਕਰੇ -*

**ਅਬ ਹਮ ਚਲੀ ਠਾਕੁਰ ਪਹਿ ਹਾਰਿ।।**
**ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ।।**
**ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰ ਜਾਰਿ।।**
**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ।।**

*ਇਸ ਵਾਸਤੇ ਤਕੜੇ ਹੋਵੋ, ਹਿੰਮਤ ਕਰੋ, ਹਿੰਮਤ ਨ ਹਾਰੋ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣੇ ਨੇ। ਉਹਨਾਂ ਦੇ ਦਰਸ਼ਨਾਂ ਨਮਿਤ ਵੱਧ ਤੋਂ ਵੱਧ ਭਜਨ, ਪਾਠ, ਅਖੰਡ ਪਾਠ, ਤੇ ਵਰਨੀਆਂ, ਹਵਨ ਆਦਿ ਕੀਤੇ ਜਾਣ। ਜਿਹੜੇ ਹਿੰਮਤ ਕਰ ਕੇ ਤੁਰ ਪੈਂਦੇ ਨੇ ਉਹ ਸਫਲਤਾ ਪ੍ਰਾਪਤ ਕਰ ਲੈਂਦੇ ਨੇ। ਤੁਸੀਂ ਵੀ ਹਿੰਮਤ ਕਰ ਕੇ ਨਾਮ ਜਪੋ ਤੇ ਆਪਣਾ ਜਨਮ ਸਫਲ ਕਰੋ :*

**ਉਦਮੁ ਕਰਿ ਹਰਿ ਜਾਪਣਾ ਵਡਭਾਗੀ ਧਨੁ ਖਾਟਿ।।**
**ਸੰਤ ਸੰਗਿ ਹਰਿ ਸਿਮਰਣਾ ਮਲੁ ਜਨਮ ਜਨਮ ਕੀ ਕਾਟਿ।।** ❖

# सद्‌गुरु रामसिंह का नारी मुक्ति आन्दोलन समाज को एक नई दिशा

सतिजुग
1920 में स्थापित

✍ डॉ0 रेणु द्विवेदी, *सम्पूर्णानन्द संस्कृत विश्वविद्यालय, वाराणसी*

भारतीय समाज हमेशा से ही (वैदिक युग एवं उत्तर वैदिक युग के बाद) स्त्रियों को पुरुषों से निम्नतर देखता आया है। स्त्रियाँ समाज के लिए, परिवार के लिए बोझ समझी जाती रही हैं इसीलिए मध्यकाल में उन्हें जन्म लेते ही मार डालने की कुप्रथा प्रचलित थी। अब तकनीकी विकास के चलते 'कन्या भ्रूण' हत्या का रिवाज चल निकला है। यद्यपि कानून बनाकर इसे रोकने का प्रयास किया जा रहा है, किन्तु इसमें कितनी सफलता मिल रही है? यह सन्देह का विषय बना हुआ है। इस सन्दर्भ में यदि हम देखें तो हमारा ध्यान पंजाब प्रांत के नामधारी समाज की ओर जाता है जिनके रहनुमा दूर दृष्टि सम्पन्न सद्‌गुरु रामसिंह जी ने आज से लगभग 158 वर्ष पूर्व स्त्री जाति के महत्व को तथा समाज में उसकी स्थिति को बखूबी समझ कर उसके सशक्तीकरण और सबलीकरण के लिए एक जोरदार आवाज उठायी थी।

सद्‌गुरु रामसिंह जी ने 1857 ई0 सन् मे भारत की स्वाधीनता के लिए तथा समाज में व्याप्त कुरीतियों के निराकरण के लिए सन्त खालसा पन्थ की स्थापना की जिसे इतिहास में नामधारी आन्दोलन अथवा 'कूका आन्दोलन' के नाम से जाना जाता है।

**कन्यावध पर रोक**

**उन्होंने सर्वप्रथम जन्म लेते ही बालिका को मार डालने की कुप्रथा को घोर अमानवीय करार देते हुए उसे तत्काल रोकने के ठोस उपाय किये। उन्होंने अपने अनुयायियों को स्पष्ट आदेश दिया कि "खालसा जी जो लड़की मारे जा बेचे, बट्टा करे उसके नाल संगत ने नहीं बरतना, ना उसदे जाणा, ना उसदे संगत में बठन देना, उसदे हथ दा जलपान ना करना"।**

**(हुक्मनामा 22)**

उन्नीसवीं सदी में जन्म लेते ही लड़कियों को मार डालने की जो कुप्रथा प्रचलित थी उसके खिलाफ ऐसा कड़ा निर्देश सर्वप्रथम सद्‌गुरु रामसिंह जी द्वारा ही दिया गया

**<u>स्त्रियों को अमृतपान कराना</u>**

तत्कालीन समाज में स्त्रियाँ पुरुषों के बराबर किसी भी धार्मिक कार्यक्रम में न तो भाग ले सकती थीं और न ही दिवान में बैठ सकती थीं। सद्‌गुरु रामसिंह जी ने इनका विरोध कर स्त्रियों को दिवान में बैठने की अनुमति देकर समाज के समक्ष एक क्रांतिकारी कदम उठाया। उन्होंने अपने धार्मिक कार्यक्रमों में कुछ ऐसे सुधार भी किये जिससे समाज में स्त्रियों के प्रति सम्मान बढ़े और उनकी भागीदारी भी बढ़े। उनमें प्रमुख है चण्डी दी वार का पाठ, स्त्रियों को अमृतपान कराना और दीवान में पुरुषों के साथ बराबरी में बैठाना।

गुरु रामसिंह जी गुरु नानक देव जी की इस बात से पूर्ण सहमत थे कि – *'तिन मंदा क्यों आखिए, जिन जन्मे राजान्ह।'* अतः नारी मात्र को समाज में ऊँचा स्थान दिलाने के लिए, उन्हें गौरव प्रदान करने के लिए उन्होंने अपने हुक्मनामे में स्पष्ट कहा कि – **'वाणी पढ़नी सब भाई, बीबी सब ने......होर पराई पी भैंण आपणी जानणी......।'**

**कन्यावध एवं बालविवाह की कुप्रथा का अन्त :–**

तत्कालीन समाज में बाल विवाह, कन्यावध, बट्टा करना तथा लड़कियों को बेचने की कुप्रथा प्रचलित थी जैसा कि कहा भी गया है –

*'न बेचक्वोंरी बावला लालचिया,*
*गल गऊ कटारी बे बावला लालचिया*
*तेरी गयी मत मारी बे बावला*
*लालचिया, न बनो व्यापारी बे बावला लालचिया।*
*(नामधारी इतिहास पृ0 50)*

बाल–विवाह द्वारा कम उम्र में ही लड़कियों पर परिवार की जिम्मेदारी सौंप दी जाती थी जिसका वे निर्वाह अच्छी तरह नहीं कर पाती थीं और परिवार की कोपदृष्टि का भाजन बनती थीं। पुनः बाल विवाह द्वारा उनकी शिक्षा भी पूरी नहीं हो पाती थी। कभी–कभी बाल विवाह के कारण कम उम्र में ही स्त्रियां वैधव्य का शिकार हो जाती थीं तथा उन्हें समाज की बुरी नजरों



तथा अत्याचारों का सामना करना पड़ता था। पुनः विवाह हेतु बट्टा करने की प्रथा के कारण कन्या को अयोग्य हाथों में सौंप दिया जाता था जिसके कारण समाज में अन्य बुराईयाँ भी पनपती थीं।

समाज में प्रचलित इन सब बुराईयों की जड़ योग्य वरों की न्यूनता, खर्चीली शादी विवाह की रस्में तथा पुरोहितों का बढ़ता वर्चस्व था। सम्पन्न घरों की तो बात फिर भी ठीक थी। आर्थिक दृष्टि से विपन्न लोग बट्टा करने पर मजबूर थे। उम्र बढ़ने के साथ योग्य वर का अभाव तथा समाज की कुत्सित नजरों से बचाने के लिए माँ–बाप बाल–विवाह करने को मजबूर थे। कुछ समाजों में तो कन्या जन्म को समस्त पाप का मूल समझ कर जन्म लेते ही उनका वध करने की जघन्य प्रथा भी प्रचलित थी। गुरु रामसिंह जी ने इस समस्या की जड़ को पहचाना तथा उसे दूर करने के लिए अपने अनुयायियों में जागरुकता पैदा की और उसका व्यावहारिक निदान खोजा।

सद्‌गुरु रामसिंह जी ने तत्कालीन परिस्थितियों को गहराई से देखा और समस्या की जड़ तक गये। उन्होंने देखा कि कन्या वध की कुप्रथा हो या बट्टा करने की या पैसे लेकर बेटी देने की, सबके पीछे मुख्य कारण लड़की के विवाह में आने वाली बाधाएं हैं। एक तो अपनी बिरादरी में योग्य वर का अभाव दूसरे योग्य वर हेतु दान–दहेज, तीसरे विवाह में होने वाला खर्च। इन्हीं समस्याओं के कारण लड़की को समय से पूर्व ही तथा अयोग्य हाथों में देकर उसके दुखमय जीवन को और दुखमय बनाया जाता रहा। अतः उन्होंने कन्या के विवाह की उम्र बढ़ाकर 18 वर्ष कर दी तथा नयी विवाह रीति आनन्द कारज अपनाकर समस्या से निजात पाने का सुगम मार्ग सुझाया।

**आनन्द मर्यादा अथवा नई विवाह रीति–**

तत्कालीन समाज में औरतों की विपन्न अवस्था का एक बहुत बड़ा कारण शादी–विवाह में आने वाली दिक्कतों के कारण भी था। शादी–विवाह पर फिजूल खर्ची तथा पुरोहितों के बढ़ते वर्चस्व के खिलाफ नामधारी आन्दोलन ने नया मोड़ लिया। गुरु रामसिंह के नेतृत्व में नामधारी आन्दोलन द्वारा 3 जून 1863 ई0 को ग्राम खोटे जिला फिरोजपुर में नई विवाह रीति के द्वारा छः जोड़ों का विवाह सम्पन्न करवा दिया। विवाह की सीधी–सादी सरल रीति थी जिसमें न पुरोहितों की आवश्यकता थी न किसी प्रकार का कर्मकाण्ड। वेदी बनाकर उसके चार फेरे लिये जाते तथा 'लावा' नामक वाणी का पाठ किया जाता। विवाह की यह सरल रीति तत्कालीन समाज के खिलाफ एक ठोस कदम था जो नामधारी आन्दोलन की ऐतिहासिक सफलता का सूचक है। विवाह की इस रीति को सद्‌गुरु प्रताप सिंह जी ने कानूनी दर्जा प्रदान करा दिया।

**राजनीतिक गतिविधियों में नामधारी महिलाओं की भागीदारी :–**

नामधारी आन्दोलन का सूत्रपात केवल धार्मिक अथवा सामाजिक सुधार के लिए नहीं हुआ था, अपितु इसके पीछे सद्‌गुरु रामसिंह जी की स्वाधीनता प्राप्ति की दूर दृष्टि थी। यह अलग बात है कि इस आन्दोलन का प्रारम्भिक स्वरूप धार्मिक एवं सामाजिक सुधार तक सीमित था। समाज में व्याप्त कुरीतियों के निवारण के बिना कोई भी आन्दोलन सफलीभूत नहीं हो सकता, पुनः गुरु रामसिंह एक धार्मिक व्यक्ति थे। वे धर्म के साये में अकाल पुरुष की छत्रछाया में ही अपने आन्दोलन को सफलीभूत होते देखना चाहते थे। अतः उन्होंने कहा था – 'आ गया है धर्मयुद्ध कुछ कर्म करना सीख लो'।

**नामधारी समाज में स्त्रियों को समानता प्रदानः**

कूका विद्रोह के बाद जब ब्रिटिश प्रशासन की दमनात्मक कार्यवाही बहुत बढ़ गयी तब 'कूकों' एवं नामधारियों पर तरह–तरह के प्रतिबंध लगा दिये गये। उनके प्रमुख सूबों तथा नेताओं को भी नजरबंद कर दिया गया तथा देश निकाला दे दिया गया फिर भी नामधारी आन्दोलन दबा नहीं। गुरु रामसिंह जी ने रंगून से हुक्मनामे भेज–भेजकर निरन्तर स्त्रियों को आगे बढ़ते रहने की प्रेरणा देते रहे सद्‌गुरु प्रताप सिंह जी के समय भी नामधारी समाज में स्त्रियों को समानता प्रदान करने के लिए महत्वपूर्ण कदम उठाया गया। गुरु रामसिंह जी ने जिस 'आनन्द– मर्यादा' की रीति प्रारम्भ की थी गुरु प्रताप सिंह जी ने उसे कानूनी दर्जा प्रदान कराया। इसके साथ ही साथ नामधारी समाज में स्त्रियों को विशेष धार्मिक कार्यक्रमों से जोड़ने का प्रथम श्रेय माता भूपिंदर कौर जी को भी जाता है, जो स्वयं तप, त्याग, सेवा और तेज की साक्षात मूर्ति हैं। नामधारी समाज में 'नितनेम' एक विशेष धार्मिक रीति है। सद्‌गुरु प्रताप सिंह जी जब 40 दिन का अपना नितनेम प्रारम्भ करने वाले थे तब माता भूपिंदर कौर जी ने भी सद्‌गुरु जी से आज्ञा लेकर अन्य स्त्रियों के साथ 40 दिन का नितनेम प्रारम्भ किया था।

आज समाज में स्त्रियों की अस्मिता खतरे में है। तकनीक बढ़ने के साथ–साथ उन पर जुल्म के तरीके भी बढ़ रहे हैं। आज जन्म से पूर्व ही उनका वध एक गम्भीर समस्या बनती जा रही है। सरकारी तंत्रों और स्वयंसेवी संगठनों के तमाम प्रयासों के बावजूद इस समस्या पर काबू नही पाया जा रहा है, वही नामधारी समाज अपने सद्‌गुरु की छत्रछाया में इस समस्या के खिलाफ सफलता पूर्वक जीत हासिल कर चुका है। कई सर्वेक्षणों के बाद यह स्पष्ट हो चुका है कि जहां पंजाब में सर्वाधिक कन्या भ्रूण हत्या का खुलासा हुआ है तथा स्त्री/पुरुष अनुपात भी पंजाब में सबसे कम है वहीं नामधारी समाज में महिला/पुरुष अनुपात सर्वाधिक है जो उनके स्वस्थ विकास का परिचायक है।

यही नहीं आज के चकाचौंध भरी पाश्चात्य संस्कृति के अन्धानुकरण के दौर में भी नामधारी समाज देहधारी गुरु की छत्र छाया में अपनी रहत मर्यादा कायम रखने में सक्षम है। सरकार कानूनी प्रावधान बनाकर तथा स्वयंसेवी संगठन जन जागरूकता फैलाकर जिस समस्या के समाधान में कोई उत्साह जनक परिवर्तन नहीं ला पाये हैं तथा उसे पूरी तरह समाप्त करने का साहस नहीं कर पाये हैं वहीं नामधारी समाज द्वारा सद्‌गुरु के आदेश के तहत समाज के सामने सादगीपूर्ण तथा बिना दान–दहेज के सामूहिक आनन्द कारज (विवाह) के द्वारा समाज के सामने एक उत्कृष्ट उदाहरण प्रस्तुत कर रहा है, जो इस समस्या के स्थायी समाधान में मील का पत्थर साबित हो सकता है।

आज नामधारी समाज की स्त्रियाँ जीवन के हर क्षेत्र में अपनी उत्कृष्टता बनाये हुए हैं। साहित्य का क्षेत्र हो, संगीत का क्षेत्र हो या उच्च शिक्षा का नामधारी समाज की स्त्रियाँ हर क्षेत्र में प्रगति के पथ पर अग्रसर हैं। सद्‌गुरुओं की प्रेरणा और कृपा पाकर आज नामधारी समाज की स्त्रियाँ अपना चतुर्दिक विकास कर रही हैं। ■

# SRI SATGURU RAM SINGH JI

✍Lok Sabha Secretariat , New Delhi

Sri Satguru Ram Singh Ji was born in 1816 to S. Jassa Singh and Mata Sada Kaur at Bhaini (Raiyan), in Ludhiana district. As he grew up, he enlisted himself as a soldier in the Sikh army. It was while serving in this regiment that he came under the influence of a Sikh saint of Hazro, Guru Balak Singh (who gave him Gurgaddi- Ed).

Well before the 1845 Anglo-Sikh war, Satguru Ram Singh Ji gave up his service and returned to his village Bhaini, which became an important centre of the Namdhari faith and freedom struggle. Satguru Ram Singh Ji's growing influence helped in the extension of the Kuka Movement in Punjab. It extolled the religious obligation for a pious and simple living. His followers were called 'Kukas' because of their unique style of reciting the Gurbani in a high pitched voice and cry for independence.

Satguru Ji's mission in life was to abolish all distinction of caste. He also advocated re-marriage of widows, not to marry the girl in her childhood, enjoined abstinence from liquor and drugs and exhorted his diciples to be pure and truthful. He also emphasized upon reverence for the cow, simpler dowryless wedding ceremonies and the stoppage of female infanticide. A spirit of the utmost national fervour and religious enthusiasm grew among the Kukas and the personality of Satguru Ram Singh Ji became the focal point of a close and well-organized order. The Kuka movement marked a significant stage in the development of national consciousness in the country for the freedom of India.

Satguru Ram Singh Ji was never reconciled to the rule of the British. He saw before his eyes, how the English were sowing the seeds of dissension, promoting treason amongst the ranks of the Khalsa. He also saw the internal weakness of his community as well as the external danger from the alien rulers. His followers were forbidden to join the British Government Services, to go to courts of law or to learn the English language. The Kukas were asked to boycott all British institutions, such as schools and colleges, courts, transportation and post offices. He set up diplomatic relations with Nepal and Russia and started a Kuka Platoon for military training. He set up Panchayati Raj in villages. In other words he established a parallel government in state. The movement thus acquired a strong political bias. Its chief inspiration was derived from the opposition to the foreign rule, and everything tending to remind one of foreign rule was shunned. English education, mill-made cloth and other imported goods were boycotted. Satguru Ram Singh Ji advocated the concept of "be Indian, buy Indian and remain Indian".

The Kuka movement was subjected to strict vigilance, and intelligence officers in the districts sent in alarming reports about its aims and activities. News was spread that Satguru Ram Singh Ji was raising an army to fight the English. Bhaini and Hazro were kept under constant watch, and by order of the Punjab Government, Satugru Ram Singh Ji was detained in his village in 1863. The Kuka congregations were stopped all over the Punjab.

The Kukas, who had a deep reverence for the cow, strongly resented the opening of slaughter houses and beef shops in the sacred city of Amritsar and other places of Punjab as well. On the night of 14 June 1871, a fiery band of Kukas attacked the slaughter houses at Amritsar and killed four butchers. A similar incident took place at Raikot, in Lidhiana district. For the incident at Amritsar and Ludhiana, ten Kukas were hanged publically and others sentenced to long terms of imprisonment and sent to Andaman Jail.

The Government reimposed orders restricting Satguru Ram Singh Ji to his village and forbade the assemblage of Kukas at religious festivals. But, Kuka passions had been inflamed, and on the Maghi

(Contd.. on page 6)

SATJUG
ESTABLISHED IN 1920

# PIONEER VISIONARY SATGURU RAM SINGH

✍ AJIT SINGH SAGGU



Satguru Ram Singh Ji is such a respectable figure of India who served the humanity in the field of ethics, nationalism and culture. He is the spiritual leader, social reformer, thinker and first Indian to use boycott and non-cooperation as a weapon against colonial rulers. He awakened the people from the deep slumber and blessed them with the native moral, ethical and cultural values. The number of the followers of his ideology shot to a million in a short span of 10 years. The brightness of such consciousness is still intact even after an elapse of over one and a half century. He was born on Magh Sudi fifth 1872 Bikrami (Feb 3, 1816 CE) at a small village Raiyan district Ludhiana, Punjab (India).

His contribution could be examined from three perspectives – political, religious and social

Punjab, the last independent region of India, lost the wars against the expansionist colonial rulers and it was merged into the dominion of British East India Company by 1849. The nationalist rulers of India lost to British while their place was taken by the rulers who were stooges of the British. The learned class was not too concerned about the political scenario. The members of this section of the society was anxious only about themselves. The darkness of colonialism had swallowed entire India and people considered servitude of colonial masters as their destiny. The morale of people seeking independence from foreign rule was at its lowest ebb. Satguru Ram Singh Ji emerged on the horizon and infused the spirit of self-respect and nationalism among the masses. He devised the weapon of non-cooperation and boycott. Encyclopaedia Britannica says that (Guru) Ram Singh is the first Indian to use boycott of merchandise as a political weapon. Guru Ram Singh advocated total boycott of colonial rulers - boycott of foreign merchandise, courts, schools, railways, government jobs. He boycotted the colonial education system since he was well aware of the intentions of government. Macaulay, the founder of that education system, wrote, "With just one stroke of pen, I've done what Church could not do. With the new education system, people of India will learn English language and culture. They will forget the native language, culture, religion and values. As a result we'll have people who will look like Indians from colour and race but will be English from taste and ideology". Satguru Ji boycotted such cunning education system. He advocated teaching native languages and culture. Armed with the novel weapon, people were fighting the mighty colonial masters. They were in the combat mode without even realising!

Satguru Ji established the parallel government. He developed relations with the anti-British countries and states forces such as Afghanistan, Kashmir, Nepal, Russia, Gwalior and Banaras etc. He developed his own secret communication department which came to be known as Kuka Postal System.

(Contd.. on page 6)

# PIONEER VISIONARY...(FROM PAGE 5)

The information used to reach secretively throughout Punjab within 24 hours. He divided Punjab into 22 administrative units and appointed 'Suba' as the head of each unit. The white flag symbolising home rule was unfurled.

Colonial masters were dead scared of him. He was deported to Rangoon (Burma) in 1872. Colonial masters documented in 1878- "Guru Ram Singh is the most dangerous person". Such statement after an elapse of over 6 years since he was deported to Rangoon shows how terrified were the colonial rulers. They were scared that he would incite revolt back in Punjab by sending letters (Hukumname). They were clueless to stop the flow of letters despite keeping strict vigil of 24 hour armed guard

The milestones in the political arena could never have been achieved without the support of masses. So the first thing done by Satguru Ji was organising the masses having base in rural India. He started his mission on 12th April 1857 by initiating the Sant-Khalsa. He specifically ordained to meditate on Naam. Such meditation resulted in boosting the morale of the followers. They were in high spirits to take on the mighty sword of colonial masters. His followers took on the task of upholding the sanctity of Sri Harimandar Sahib and laid down their lives. Mandatory teaching and learning of Punjabi enabled his followers to recite the scriptures. He got the scriptures –Adi Sri Guru Granth Sahib and Sri Dasam Granth Sahib published for the first time in history. These were published in 1863 from the Aftab Press (Lahore) of Sh. Buta Singh. He bonded the people with the rich tradition of Sikhism. Namdhari Sikhs rever him as the 12th incarnation of Sri Guru Nanak Dev Ji.

Healthy society is needed to develop healthy individuals. Satguru Ji went on to address the social evils such as drugs, gambling, stealing, robbing, immoral relations, demeaning women etc. which had crept in the society. He preached the high moral values and forbade drugs, gambling, stealing, robbing etc. He preached the golden rule - live and let others live. He emphasized on the charity – "give food and clothes to poor". He specifically preached and reworked the customs to uplift the status of women in the society. He persuaded people to disassociate from the social evils and preached love for God and the motherland.

Giani Gian Singh says – (His disciples) gave up opium, hashish, poppy, liquor, drugs, meat, stealing, adultery, deception; the golden age has returned.

The evils of killing girl child, marrying off daughters in lieu of money, barter marriage, child marriage, Sati (self immolation on the pyre of dead husband) were prevalent. Widow re-marriage was not permitted; solemnizing the marriage of a daughter was a costly affair for bride's parents. Such evil practices indicate that girl child was looked upon as a liability. Satguru Ji orders very firmly that don't accept anything from those who kill girl child, sell daughters or carry out barter marriage. Don't let such persons come in the holy congregation. He abhorred sati, child marriage and barter marriage. He instructed not to marry off the daughters under the age of 18 years. He insisted on widow re-marriage. He preached to educate girls as well. He established the new tradition of solemnizing weddings by reciting the hymns from Sri Adi Granth Sahib Ji. The dowry was abolished. This new tradition costs only Re 1.25/- to bride's parents. He appointed one of the leading women, Mai Hukmi, as Suba. Among his followers, he abolished all such social evils resulting in healthy gender ratio to this date.

Sardar Kapoor Singh ICS has written that leaving aside other achievements, if we consider only the work done by Satguru Ram Singh Ji for the upliftment of women in our society, he must be considered among the top most social reformers of the world.

On 12 February 2016, we are celebrating the 200th birth anniversary of such a towering personality, Sri Satguru Ram Singh Ji. ■

# SRI SATGURU RAM SINGH JI...(FROM PAGE 5)

festival in January 1872, they assembled in hundreds to Bhaini the Kuka headquarter. Speeches were made extolling the heroism of the men who had been hanged. Satguru Ji had some difficulty in persuading his followers to return peacefully to their homes. However, one band decided to ignore the advice and to attack Malerkotla, a muslim state where slaughter of cows was permitted on large scale. Malerkotla was attacked and while returning from there, Kukas were captured by Mr. L. Cowan, the Deputy Commissioner of Ludhiana and without any official formality 66 of the prisoners were blown up by cannons. Two ladies were handed over to the Patiala Police.

After the Malerkotla affair, the entire Kuka movement was outlawed and a police post was set up at Bhaini Sahib. The headquarters of the movement were occupied and all prominent leaders including Satguru Ram Singh Ji were taken into custody. Satguru Ram Singh Ji was deported first to Allahabad and then to Burma (now Myanmar); where he remained as a State prisoner first at Rangoon and then Mergui Jail till November 1885. According to Burma Jail Reports, Satguru Ji passed away while in exile at Burma, but according to the then Chief Commissioner of British Burma's letter of August 1886 Satguru Ram Singh Ji was quietly removed from Mergui and transferred to a more remote spot where communication with him was less easy during 1885 to 1886.

For thirteen weary years, Satguru Ram Singh Ji suffered confinement. His deep faith in the Almighty and the undiminished devotion of his followers sustained him in that solitary state. Many of the letters which Satguru Ram Singh Ji wrote have been preserved. These letters bear eloquent testimony to Satguru Ram Singh Ji's abiding faith, his courage of conviction and his selfless love for his followers and the country.

In his illustrious life, Sri Satguru Ram Singh Ji mobilized the people for the freedom of their country and against the evils of society. He inculcated religious awareness among the people which served to evoke the feeling of self-respect and sacrifice for the sake of the country. He was the first Indian to evolve non-cooperation and the use of Swadeshi as political weapon in the 19th Century. The ideals which Satguru Ram Singh JI propagated in 1860's were taken up again sixty years later by Mahatma Gandhi. In a short period, lakhs flocked to him and they became aware of their serfdom and bondage. Although the British Government attempted to crush the Kuka movement, they could not extinguish the light of freedom lit by Sri Satguru Ram Singh Ji.

■

## ਗੁਰੂ ਰਾਮ ਸਿੰਘ ਜੀ

✍ **ਲਾਲ ਚੰਦ ਯਮਲਾ ਜੱਟ**

ਗੁਰੂ ਰਾਮ ਸਿੰਘ ਮੇਰੇ ਦਾਤਾ ਜੀ, ਧੰਨ ਤੇਰੀਆਂ ਬੇਪ੍ਰਵਾਹੀਆਂ ਨੇ।
ਉਹ ਅਮਰ ਸਦਾ ਲਈ ਹੋ ਗਏ, ਜਿੰਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ।

ਰਾਖਾ ਧਰਮ ਦਾ ਹਰ ਇੱਕ ਸੂਬਾ ਏ। ਤੇਰੀ ਨੀਤੀ ਅਸਲ ਅਜੂਬਾ ਏ।
ਤੇਰੇ ਪੰਥ ਦੇ ਸੰਤ ਸਿਪਾਹੀਆਂ ਨੇ। ਜਿੰਦਾਂ ਦੇਸ਼ ਤੋਂ ਘੋਲ ਘੁਮਾਈਆਂ ਨੇ।
ਉਹ ਅਮਰ ਸਦਾ.....

ਗੁਰੂ ਤੇਰੀ ਕੂਕ ਤੋਂ ਕੂਕੇ ਬਣ ਗਏ ਜੋ। ਤੋਪਾਂ ਦੇ ਮੂਹਰੇ ਤਣ ਗਏ ਉਹ।
ਤੇਰੇ ਅਸਲ ਪਹਿਰਾਵੇ ਸੱਚ ਦੀਆਂ, ਕੁਲ ਦੁਨੀਆਂ ਵਿਚ ਰੁਸ਼ਨਾਈਆਂ।
ਉਹ ਅਮਰ ਸਦਾ.....

ਗੁਰੂ ਗੋਬਿੰਦ ਸਿੰਘ ਦੀ ਜੋਤੀ ਤੂੰ। ਬਣ ਅੰਬਰੋਂ ਆਇਆ ਮੋਤੀ ਤੂੰ।
ਦੁਸ਼ਟੀ ਦੇ ਤੋੜ ਕਾਨੂੰਨਾ ਨੂੰ ਤੂੰ ਜ਼ਾਹਰੀ ਕਲਾਂ ਵਿਖਾਈਆਂ ਨੇ।
ਉਹ ਅਮਰ ਸਦਾ.....

ਤੂੰਬੀ ਜੱਟ ਦੀ ਰੋ-ਰੋ ਥੱਕ ਗਈ ਏ। ਤੱਕ ਜ਼ੁਲਮ ਚੁਫੇਰੇ ਅੱਕ ਗਈ ਏ।
ਗਮ ਬੱਦਲ ਸਿਰ ਤੇ ਛਾਇਆ ਏ। ਬਣ ਘਟਾ ਕਹਿਰ ਦੀਆ ਆਈਆਂ ਨੇ।
ਉਹ ਅਮਰ ਸਦਾ....

ਦੂਸਰੀ ਪ੍ਰਕਾਸ਼ ਸ਼ਤਾਬਦੀ ਉਤੇ ਬੱਚਿਆਂ ਲਈ ਸਾਖੀਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ

# ਮਾਈ ਸਾਹਬੋ ਕੁੰਦਨ ਕੀਤੀ

ਸਿੱਖ ਫ਼ੌਜ, ਅੰਗਰੇਜ਼ਾ ਵਿਰੁਧ ਲੜਾਈਆਂ ਵਿੱਚ ਹਾਰ ਗਈ। ਹਾਰ ਦਾ ਕਾਰਨ ਆਪਸੀ ਫੁੱਟ ਤੇ ਆਪਣਿਆਂ ਦੀ ਗਦਾਰੀ ਸੀ। ਸਤਿਗੁਰੂ ਰਾਮ ਸਿੰਘ ਜੀ ਤਾ 1845 ਵਿੱਚ ਹੀ ਖ਼ਾਲਸੇ ਦੀ ਦੁਰਦਸ਼ਾ ਵੇਖ ਕੇ ਸਤਿਲੁਜ ਦਰਿਆ ਵਿਚ ਬੰਦੂਕ ਸੁੱਟ ਆਏ ਸਨ। ਉਹ ਵਾਪਸ ਕਾਰ ਵਿਹਾਰ ਕਰਦੇ ਅਤੇ ਸਿਮਰਨ ਤੇ ਚਿੰਤਨ ਕਰਨ ਲੱਗੇ ਸਨ। ਸੂਬੇਦਾਰ ਕਾਨ੍ਹ ਸਿੰਘ ਵਰਗੇ ਸਿਦਕੀ ਤੇ ਸਿਰੜੀ ਸਿੱਖ ਫ਼ੌਜੀ ਅਫ਼ਸਰਾਂ ਦੇ ਤਾਂ ਲੱਕ ਹੀ ਟੁੱਟ ਗਏ। ਉਹ ਨਿਰਾਹ ਹੋ ਗਏ ਤੇ ਪ੍ਰਭੂ ਭਗਤੀ ਲਈ ਘਰੋਂ ਦੂਰ ਪਹਾੜਾਂ ਵਿੱਚ ਚਲੇ ਗਏ। ਉਹ ਕਾਂਗੜੇ ਦੇ ਪਹਾੜਾਂ ਵਿੱਚ ਬੈਠ ਕੇ ਸਤਿਗੁਰੂ ਦੇ ਦਿੱਤੇ ਨਾਮ ਦਾ ਸਿਮਰਨ ਕਰਨ ਲੱਗੇ।

ਉਥੇ ਹੀ ਪਧਰੀ ਪਿੰਡ ਦਾ ਇੱਕ ਇੱਕ ਜ਼ਿਮੀਦਾਰ ਵੀ ਰਹਿੰਦਾ ਸੀ। ਕੁਝ ਪੰਜਾਬ ਦੀ ਫ਼ੌਜ ਦੇ ਸਿਖ ਸਿਪਾਹੀ ਵੀ ਸਨ। ਸਭ ਸੂਬੇਦਾਰ ਜਿਨ੍ਹਾਂ ਨੂੰ ਹੁਣ ਬਾਬਾ ਜੀ ਕਿਹਾ ਜਾਂਦਾ ਸੀ ਦੀ ਸੇਵਾ ਕਰਦੇ। ਉਹਨਾਂ ਦੀ ਭਗਤੀ ਨਿਸ਼ਕਾਮ ਸੀ। ਪਧਰੀ ਦੇ ਸਿੱਖ ਦੀ ਘਰ ਵਾਲੀ ਮਾਈ ਸਾਹਬੋ ਵੇਤਾਂਤਣ ਸੀ। ਉਹ ਵੇਦਾਂਤ ਸ਼ਾਸਤਰ ਅਨੁਸਾਰ ਮੰਨਦੀ ਸੀ ਬ੍ਰਹਮ ਦੀ ਹੀ ਸੱਤਾ ਅਤੇ ਸ਼ਕਤੀ ਹੈ।ਬ੍ਰਹਮ ਦੀ ਪ੍ਰਾਪਤੀ ਕਿਵੇਂ ਹੋਵੇ ਉਸ ਬਾਰੇ ਉਹ ਸੰਤੁਸ਼ਟ ਨਹੀਂ ਸੀ। ਉਹ ਸਾਧਾਂ ਸੰਤਾਂ ਦੀ ਸੇਵਾ ਕਰਦੀ ਤੇ ਤੀਰਥ ਯਾਤਰਾ ਕਰਦੀ ਸੀ। ਗੰਗਾ ਦਾ ਇਸਨਾਨ ਉਸ ਲਈ ਖ਼ਾਸ ਮਹੱਤਵ ਰੱਖਦਾ ਸੀ।

ਉਸ ਦੇ ਘਰ ਵਾਲੇ ਨੇ ਉਸ ਨੂੰ ਬਾਬਾ ਕਾਨ੍ਹ ਸਿੰਘ ਦੀ ਭਗਤੀ ਬਾਰੇ ਦਸਿਆ ਹੋਇਆ ਸੀ। ਬਾਬਾ ਜੀ ਜਦ ਕਈ ਸਾਲ ਭਗਤੀ ਕਰਦੇ ਪੰਜਾਬ ਮੁੜੇ ਤਾਂ ਉਸ ਸਿੱਖ ਦੀ ਅਰਜ਼ ਮੰਨ ਕੇ ਪਧਰੀ ਪਧਾਰੇ। ਮਾਈ ਸਾਹਬੋ ਨੇ ਉਹਨਾਂ ਨੂੰ ਪਛਾਣ ਲਿਆ। ਉਸ ਉਹਨਾਂ ਨੂੰ ਘਰ ਲਿਆ ਕੇ ਆਦਰ ਮਾਣ ਕੀਤਾ। ਮਾਈ ਨੇ ਉਸ ਤੋਂ ਭਜਨ ਲੈਣ ਦੀ ਇੱਛਾ ਪ੍ਰਗਟ ਕੀਤੀ ਤਾਂ ਬਾਬਾ ਜੀ ਕਿਹਾ, "ਨਾਮ ਦੇ ਖ਼ਜ਼ਾਨੇ ਦੀ ਕੁੰਜੀ ਸਤਿਗੁਰੂ ਬਾਲਕ ਸਿੰਘ ਨੇ ਸਤਿਗੁਰੂ ਰਾਮ ਸਿੰਘ ਨੂੰ ਦਿੱਤੀ ਹੈ। ਉਹਨਾਂ ਦਾ ਨਿਵਾਸ ਸਥਾਨ ਭੈਣੀ ਸਾਹਿਬ ਜ਼ਿਲ੍ਹਾ ਲੁਧਿਆਣਾ ਹੈ। ਓਹ ਹੀ ਭਜਨ ਦੇ ਸਕਦੇ ਹਨ ਮੈਂ ਨਹੀਂ। ਸਾਨੂੰ ਭਜਨ ਦੇਣ ਦਾ ਹੁਕਮ ਨਹੀਂ ਹੈ।"

ਬਾਬਾ ਜੀ ਚਲੇ ਗਏ। ਮਾਈ ਸਾਹਬੋ ਸੰਗ ਨਾਲ ਗੰਗਾ ਇਸ਼ਨਾਨ ਲਈ ਹਰਿਦੁਆਰ ਨੂੰ ਚੱਲ ਪਈ। ਰਸਤੇ ਵਿੱਚ ਨੇੜੇ ਹੀ ਭੈਣੀ ਸਾਹਿਬ ਸੀ। ਮਾਈ ਨਾਲ ਇੱਕ ਤਰਖਾਣ ਵੀ ਸੀ। ਦੋਵੇ ਓਧਰ ਨੂੰ ਹੋ ਗਏ। ਅਗੇ ਗੁਰਦੁਆਰੇ ਦੀ ਡਿਓਢੀ ਵਿੱਚ ਸਤਿਗੁਰੂ ਜੀ ਦੇ ਦਰਸ਼ਨ ਹੋਏ ਤਾਂ ਮੋਹੇ ਗਏ। ਉਹਨਾਂ ਦੇ ਚਰਨਾਂ ਉੱਤੇ ਮੱਥਾ ਟੇਕਿਆ। ਸਤਿਗੁਰੂ ਜੀ ਨੂੰ ਭਜਨ ਦੇਣ ਲਈ ਬੇਨਤੀ ਕੀਤੀ ਤੇ ਦੱਸਿਆ, "ਬਾਬਾ ਕਾਨ੍ਹ ਸਿੰਘ ਚੱਕ ਵਾਲੇ ਤੋਂ ਸੋ ਸੁਣ ਕੇ ਆਏ ਹਾਂ, ਨਾਮ ਦਾ ਦਾਨ ਦਿਓ।"

"ਤੁਸੀਂ ਦੋ ਤਿੰਨ ਦਿਨ ਏਥੇ ਰਹੋ ਤਾਂ ਭਜਨ ਦੇ ਦਿਆਂਗੇ" ਸਤਿਗੁਰੂ ਜੀ ਬਚਨ ਕੀਤਾ

"ਸਾਡੇ ਤੇ ਅੱਜ ਹੀ ਕਿਰਪਾ ਹੋ ਜਾਏ ਤਾਂ ਚੰਗਾ ਹੈ। ਅਸੀਂ ਗੰਗਾ ਇਸ਼ਨਾਨ ਲਈ ਜਾ ਰਹੇ ਹਾਂ। ਸੰਗ ਸਾਥ ਹੈ। ਇਕਲਿਆਂ ਨੂੰ ਮੁਸ਼ਕਲ ਹੋਵੇਗੀ।"

ਚਲੋ ਤੁਹਾਡੀ ਗਲ ਸਮਝ ਲਈ ਹੈ। ਤੁਸੀਂ ਹੁਣੇ ਜਾਓ, ਕੇਸੀ ਇਸ਼ਨਾਨ ਕਰਕੇ ਆਓ ਤਾਂ ਭਜਨ ਦਿਆਂਗੇ"

"ਜੀ ਅਸੀਂ ਤਾਂ ਬ੍ਰਾਹਮਣਾ ਨੂੰ ਪਰਸ਼ਾਦਾ ਛਕਾਏ ਬਿਨਾ ਕੇਸੀ ਇਸ਼ਨਾਨ ਨਹੀਂ ਕਰਦੇ।"

ਚੰਗਾ ਫਿਰ ਤੁਸੀਂ ਜਾਓ "ਅਸੀਂ ਬਿਨਾ ਕੇਸੀ ਇਸ਼ਨਾਨ ਕੀਤਿਆਂ ਭਜਨ ਨਹੀਂ ਦੇਂਦੇ", ਸਤਿਗੁਰੂ ਜੀ ਨੇ ਕਿਹਾ।

ਮਾਈ ਸਾਹਬੋ ਤੇ ਉਸਦੇ ਨਾਲ ਆਏ ਤਰਖਾਣ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ। ਉਹਨਾਂ ਨੇ ਕੇਸੀਂ ਇਸ਼ਨਾਨ ਕੀਤਾ ਕੰਨ ਵਿੱਚ ਭਜਨ ਲਿਆ। ਨਾਲ ਹੀ, ਕਿਸੇ ਨੂੰ ਦਸਣਾ ਨਹੀਂ ਹੁਕਮ ਸੁਣਕੇ ਸਤਿ ਬਚਨ ਕਿਹਾ ਤੇ ਸੰਗ ਨਾਲ ਜਾ ਰਲੇ। ਉਹ ਗੰਗਾ ਇਸ਼ਨਾਨ ਕਰ ਆਏ।

1861 ਈ. ਵਿੱਚ ਸਤਿਗੁਰੂ ਜੀ ਸਾਧ ਸੰਗਤ ਨਾਲ ਆਪ ਕੁੰਭ ਦੇ ਮੇਲੇ ਉੱਤੇ ਹਰਿਦੁਆਰ ਜਾਣ ਲਈ ਕਮਰਕੱਸੇ ਕੀਤੇ। ਉਦੋਂ ਮਾਈ ਸਾਹਬ ਕੌਰ ਪਧਰੀ ਵਾਲੀ ਵੀ ਨਾਲ ਹੀ ਤਿਆਰ ਹੋਈ। ਰਾਹ ਵਿੱਚ ਆਪ ਕਈ ਥਾਂ ਤੇ ਰੁਕਦੇ ਰਹੇ, ਆਪ ਨੇ ਕਈ ਕੌਤਕ ਕੀਤੇ। ਕਈ ਪਖੰਡੀ ਸਾਧਾਂ ਦੇ ਪਾਜ ਉਘੇੜੇ। ਉਹ ਹਰਿਦੁਆਰ ਅੰਦਰ ਆਏ।

ਆਪਨੇ, ਇੱਕ ਸਿਰੋਂ ਗੰਜੀ ਕਾਲੀ ਕਲੂਟੀ ਮਾਈ ਬੈਠੀ ਵੇਖੀ। ਜੋ ਬੜੀ ਗ਼ਰੀਬ ਸੀ। ਉਸ ਨੇ ਇੱਕ ਘੱਘਰੀ ਹੀ ਪਾਈ ਹੋਈ ਸੀ। ਉਸ ਦਾ ਸਿਰ ਘੋਨ-ਮੋਨ ਸੀ। ਸਤਿਗੁਰੂ ਜੀ ਨੇ ਉਸ ਉੱਤੇ ਆਪਣੀ ਚਾਦਰ ਦੇ ਕੇ ਉਸ ਦਾ ਨੰਗੇਜ ਕਜਿਆ ਤੇ ਕਿਹਾ, "ਇਹੀ ਜਮਨਾ ਮਾਈ ਹੈ। ਇਸ ਦੀ ਸੇਵਾ ਕਰੋ, ਇਸ ਨੂੰ ਦਾਨ ਦਿਓ, ਗ਼ਰੀਬਣੀ ਨੂੰ। ਸਭ ਨੇ ਦਾਨ ਦਿੱਤਾ।

ਮਾਈ ਸਾਹਬੋ ਆਪ ਦੇ ਚੋਜ ਵੇਖ ਕੇ ਕਦੀ ਖ਼ੁਸ਼ ਹੋਵੇ। ਕਦੀ ਤਕੇ ਕਿ ਕਿਤੇ' ਮੈਨੂੰ ਨਾ ਕੁਝ ਕਹਿਣ ਉਹ ਆਪਣੇ ਪੁੱਤਰ, ਲਾਲ ਸਿੰਘ ਨੂੰ ਵੀ ਨਾਲ ਲੈ ਆਈ ਸੀ।

ਸਤਿਗੁਰੂ ਜੀ ਨੇ ਮਾਈ ਦੀ ਪਰੀਖਿਆ ਲਈ ਇਕ ਕੌਤਕ ਕੀਤਾ। ਉਹਨਾਂ ਉਸਨੂੰ ਕਿਹਾ, "ਆ ਵੇਦਾਤਣੇ ਸਾਹਬੋ ਤੇਰਾ ਜਨਮ ਮਰਨ ਕਟੀਏ।" ਉਸ ਨੂੰ ਗੱਲ ਸਮਝ ਨਾ ਆਈ। ਸਤਿਗੁਰੂ ਜੀ ਨੇ ਹਰਿਦੁਆਰ ਗੰਗਾ ਕਿਨਾਰੇ ਇੱਕ ਥਾਂ ਉੱਤੇ ਚਿਤਾ ਵਾਂਗ ਲਕੜਾਂ ਚਿਣ ਦਿੱਤੀਆਂ ਤੇ ਕਿਹਾ, "ਆ ਤੇਰਾ ਹਵਨ ਕਰੀਏ। ਤੇਰੇ ਅੰਦਰਲੇ ਮਲੀਨ ਜੀਵ ਨੂੰ ਸ਼ੁਧ ਕਰੀਏ ਬੈਠ! ਲਾਲ ਸਿੰਘ ਨੂੰ ਕੁੱਛੜ ਚੁੱਕ ਕੇ। ਦੇਖ ਬ੍ਰਹਮ ਕੀ ਕਰਦਾ ਹੈ।"

ਮਾਈ ਡਰੀ ਪਰ ਜਦ ਸਤਿਗੁਰੂ ਜੀ ਨੇ ਤੇਜੀ ਨਾਲ ਕਿਹਾ, "ਬੈਠ ਜਲਦੀ!" ਤਾਂ ਚਿਤਾ ਵਿੱਚ ਪੁੱਤ ਨੂੰ ਨਾਲ ਲੈ ਕੇ ਬੈਠ ਗਈ।

ਹੋਰ ਲੋਕ ਵੇਖਣ ਲਈ ਖਲੋ ਗਏ ਕਿ ਇਹ ਕੀ ਹੋ ਰਿਹਾ ਹੈ। ਸਤਿਗੁਰੂ ਜੀ ਨੇ ਉਸ ਉੱਤੇ ਕੰਬਲੀ ਦਿੱਤੀ। ਉਸ ਨੇ ਘੁੱਟ ਕੇ, ਲਾਲ ਸਿੰਘ ਨੂੰ ਅੰਦਰ ਲੈ ਕੇ ਬੁਕੱਲ ਮਾਰ ਲਈ। ਸਤਿਗੁਰੂ ਜੀ ਨੇ ਚਿਤਾ ਨੂੰ ਅੱਗ ਲਾ ਦਿੱਤੀ। ਲੰਘਦੇ-ਪਾਉਂਦੇ ਲੋਕ ਮੂੰਹ ਵਿੱਚ ਉਂਗਲਾ ਪਾਉਣ ਕਿ ਇਸ ਨੇ ਮਾਂ-ਪੁੱਤ ਜਿਉਂਦੇ ਸਾੜ ਦੇਣੇ ਹਨ।

ਮਾਈ ਦੇ ਮਨ ਵਿੱਚ ਆਈ, ਲਾਲ ਸਿੰਘ ਨੂੰ ਬਾਹਰ ਸੁੱਟ ਦਿਆਂ। ਇਹ ਤਾਂ ਜਿਉਂਦਾ ਬਚ ਜਾਏਗਾ। ਜੱਦ ਉਸ ਨੇ ਉਸ ਨੂੰ ਬਾਹਰ ਸੁਟਣ ਲਾਈ ਬਾਂਹ ਹਿਲਾਈ, ਲੋਈ ਹਿੱਲੀ ਤਾਂ ਸਤਿਗੁਰੂ ਜੀ ਤੇਜ ਹੋ ਅਵਾਜ਼ਾ ਕੀਤਾ, "ਲਾਲ ਸਿੰਘ ਨੂੰ ਬਾਹਰ ਸੁਟਨ ਲੱਗੀ ਹੈਂ। ਸੁੱਟ, ਮੈਂ ਅੱਗੇ ਖੜਾ ਹਾਂ ਮੇਰੇ ਹੱਥ ਵਿੱਚ ਬਰਛੀ ਹੈ। ਮੈਂ ਬਾਹਰ ਆਉਂਦਿਆ ਹੀ ਬਰਛੀ ਮਾਰ ਕੇ ਇਸ ਦਾ ਢਿਡ ਪਾੜ ਦਿਆਂਗਾ।"

ਮਾਈ ਡਰ ਗਈ। ਉਸ ਦਾ ਵੇਦਾਂਤ ਦਾ ਜੀਵ ਤੇ ਬ੍ਰਹਮ ਦਾ ਗਿਆਨ ਡੋਲ ਗਿਆ। ਪਰ ਉਸ ਨੇ ਵੇਖਿਆ ਲੋਈ ਹਿਲਿਆਂ ਉਸ ਉੱਤੇ ਦਿਸਦੀ ਅੱਗ ਚੜ੍ਹ ਗਈ। ਹੈਰਾਨੀ ਦੀ ਗਲ ਇਹ ਕਿ ਲੋਈ ਜਾਂ ਕਾਲੀ ਕੰਬਲੀ ਦਾ ਇੱਕ ਲੂੰ ਵੀ ਨਾ ਸੜਿਆ। ਉਸ ਦਾ ਮਨ ਟਿਕ ਗਿਆ। ਉਸ ਨੂੰ ਸਮਝ ਆ ਗਈ ਕਿ ਏਸੇ ਨੇ ਹੋਲਕਾਂ ਤੋਂ ਪ੍ਰਹਿਲਾਦ ਨੂੰ ਬਚਾਇਆ ਸੀ। ਇਹੀ ਅੱਗ ਵਾਂਗ ਤਪਦੇ ਥੰਮ ਵਿਚੋਂ ਨਰ੍ਹ ਸਿੰਘ ਬਣਕੇ ਆਇਆ ਸੀ। ਉਸਦਾ ਨਿਸਚਾ ਪੱਕਾ ਹੋ ਗਿਆ। ਇਹੀ ਬ੍ਰਹਮ ਹੈ।

ਜਦ ਸਾਰੀਆਂ ਲਕੜਾਂ ਬਲ ਗਈਆਂ ਤਾਂ ਹੌਲੀ ਹੌਲੀ ਅਗਨੀ ਠੰਢੀ ਹੋ ਗਈ। ਮਾਈ ਸਾਹਬੋ ਪਧਰੀ ਵਾਲੀ ਪੁੱਤਰ ਲਾਲ ਸਿੰਘ ਨੂੰ ਲੈ ਕੇ ਅਡੋਲ ਬਾਹਰ ਆ ਗਈ ਤੇ ਸਤਿਗੁਰੂ ਦੇ ਚਰਨੀ ਆ ਪਈ। ਹੋਰ ਵੇਖਣ ਵਾਲੇ ਵੀ ਸਤਿਗੁਰੂ ਦੇ ਚਰਨੀ ਆ ਲਗੇ ਤੇ ਕਹਿਣ ਲਗੇ "ਤੂੰ ਧੰਨ ਹੈ, ਤੂੰ ਬੇਅੰਤ ਹੈ, ਤੂੰ ਆਪ ਅਕਾਲ ਪੁਰਖ ਹੈ, ਸਭ ਪਉਣ, ਪਾਣੀ ,ਅਗਨੀ ਤੇਰੇ ਵੱਸ ਹਨ।"

ਮਾਈ ਤਾਂ ਕੁੰਦਨ ਬਣ ਗਈ ਸੀ।

# ਚੀਨੀ ਵਾਲੇ ਦੀ ਅਮਰ ਕਹਾਣੀ

✍ ਇੰਦਰ ਦਮਨ ਸਿੰਘ 'ਰਤਨ'

ਆਓ ਰਲਕੇ ਸੁਣੀਏ ਗਾਈਏ ਚੀਨੀ ਵਾਲੇ ਦੀ ਅਮਰ ਕਹਾਣੀ।
ਸਤਿਗੁਰ ਮਹਿਮਾ ਅੰਮ੍ਰਿਤ ਸਾਗਰ ਜਿਸ ਵਿਚੋਂ ਇੱਕ ਬੂੰਦ ਉਠਾਣੀ।
ਆਓ ਰਲਕੇ ਸੁਣੀਏ ਗਾਈਏ ਚੀਨੀ ਵਾਲੇ ਦੀ ਅਕਥ ਕਹਾਣੀ।

ਇਕ ਹਜਾਰ ਅੱਠ ਸੌ ਬਹਤਰ ਭਾਗਾਂ ਭਰੀ ਬਿਕ੍ਰਮੀ ਆਈ।
ਸਾਰੇ ਹਾਰ ਸ਼ਿੰਗਾਰ ਲਗਾ ਕੇ ਰਾਣੀ ਰੁੱਤ ਬਸੰਤ ਆਈ।
ਸਰਬ ਕਲਾ ਸੰਪੂਰਨ ਸਤਿਗੁਰ ਬਾਰ੍ਹਵਾਂ ਜਾਮਾ ਸਭ ਤੋਂ ਨਿਆਰਾ।
ਜੁਗੋ ਜੁਗੰਤਰ ਪਰੰਪਰਾ ਹਿਤ, ਨਿਰੰਕਾਰ ਨੇ ਧਰਾ ਅਵਤਾਰਾ।
ਦੁਖੀਆਂ ਦੇ ਦੁੱਖ ਦੂਰ ਕਰਨ ਹਿੱਤ ਰਾਈਆਂ ਭੈਣੀ ਪ੍ਰਗਟਾਇਆ।

ਮਾਤਾ ਸਦਾ ਕੌਰ ਪਿਤਾ ਜੱਸਾ ਸਿੰਘ ਗੁਰੂ ਰਾਮ ਸਿੰਘ ਨਾਮ ਦੀਆ।
ਸੋਨੇ ਦੀ ਚਿੜੀਆ ਹਿੰਦ ਨੂੰ ਲੈ ਕੇ, ਗੋਰਾ ਹੋ ਗਿਆ ਬਹੁ ਅਭਿਮਾਨੀ।
ਭੋਲੀ ਭਾਲੀ ਹਿੰਦ ਦੀ ਜਨਤਾ, ਕਰਦਾ ਸੀ ਗੋਰਾ ਮਨਮਾਨੀ।
ਕਰਮ ਧਰਮ ਉਹ ਮੂਲ ਨ ਜਾਣੇ, ਪਾਪਾਂ ਦਾ ਉਹ ਪਾਠ ਪੜ੍ਹਾਵੇ।
ਬੁਚੜ ਖਾਨੇ ਉਸ ਖੁਲ੍ਹਵਾਏ, ਗਊਆਂ ਵੱਛੇ ਕਤਲ ਕਰਾਏ।
ਸਤਿਗੁਰ ਤੋਂ ਫਿਰ ਗੋਰੇ ਰਾਜ ਦੀ, ਅਤਿਆਚਾਰੀ ਗਈ ਨਾ ਵੇਖੀ।
ਗੋਰੇ ਰਾਜ ਨਾਲ ਟੱਕਰ ਲਾਈ, ਆਪਣੀ ਤਾਕਤ ਮੂਲ ਨਾ ਵੇਖੀ।

ਨੱਸ ਜਾ ਬਿੱਲਿਆ, ਨੱਸ ਜਾ ਗੋਰਿਆ, ਆਜ਼ਾਦੀ ਦਾ ਨਾਅਰਾ ਲਾਇਆ।
ਸੁੱਤੀ ਹਿੰਦ ਦੀ ਜਨਤਾ ਤਾਈਂ ਸਤਿਗੁਰ ਝੂਣ ਝੂਣ ਕੇ ਉਠਾਇਆ।
ਗੋਰੇ ਦੀ ਜੜ੍ਹ ਪੁੱਟਣ ਖਾਤਰ, ਗੋਰੇ ਰਾਜ ਤਾਈਂ ਦੁਰਕਾਇਆ।
ਡਾਕ, ਥਾਣਾ, ਗੋਰੇ ਦੀ ਨੌਕਰੀ, ਰੇਲ ਯਾਤਰਾ ਬੁਰਾ ਮਨਾਇਆ।
ਪੰਥ ਦੀ ਵਾਗਡੋਰ ਹੱਥ ਫੜ ਕੇ, ਜਨਤਾ ਨੂੰ ਗੁਰ ਚਰਨੀਂ ਲਾਇਆ।
ਅੱਖਾਂ ਪਾੜ ਕੇ ਗੋਰਾ ਵੇਖੇ, ਮੂੰਹ ਵਿੱਚ ਉਂਗਲਾਂ ਪਾ ਘਬਰਾਇਆ।

ਸਤਿਗੁਰ ਦੇ ਸਤਿਸੰਗ ਦੀ ਮਹਿਮਾ, ਗੋਰੇ ਰਾਜ ਤੋਂ ਗਈ ਨਾ ਵੇਖੀ।
ਸੱਚ ਦੇ ਸੂਰਜ ਅੱਗੇ ਦੀਪਕ, ਕਰ ਸਕਿਆ ਗੋਰਾ ਨਾ ਹੇਠੀ।
ਸੜ ਸੜ ਗੋਰਾ ਕਾਲਾ ਹੋਇਆ, ਗੋਰੇ ਰਾਜ ਦਾ ਅੰਦਰ ਹੱਲਿਆ।
ਗੁਰੂ ਰਾਮ ਸਿੰਘ ਭੈਣੀ ਤੋਂ, ਜਿਸਦਾ ਜਾਵੇ ਤੇਜ ਨਾ ਝੱਲਿਆ।
ਬਾਗੀਆਂ ਦਾ ਸਰਦਾਰ ਬਣਾਕੇ ਜਲਾਵਤਨ ਦਾ ਢੰਗ ਚਾ ਠਾਨਾ।
ਜਲਾਵਤਨ ਤੋਂ ਕਦ ਡਰਦਾ ਸੀ ਆਜ਼ਾਦੀ ਦਾ ਗੁਰ ਪਰਵਾਨਾ।

ਦੇਸ਼ ਆਜ਼ਾਦੀ ਖਾਤਰ ਜਿਸਨੇ ਪਰਦੇਸਾਂ ਨੂੰ ਚਾਲੇ ਪਾਏ।
ਆਈ ਆਜ਼ਾਦੀ ਬਹੁਤ ਸਤਾਬੀ, ਪਰ ਉਹ ਪ੍ਰੀਤਮ ਅਜੇ ਨਾ ਆਏ।
ਵਿੱਚ ਉਡੀਕਾਂ ਪਾਗਲ ਹੋਏ, ਕਈ ਸਿੱਖਾਂ ਨੇ ਪਰਾਣ ਗਵਾਏ।
ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚਖੰਡ ਵਿੱਚ ਡੇਰੇ ਲਾਏ।
ਇੱਕੋ ਸਿੱਕ ਦਰਸ ਦੀ ਬਾਕੀ ਉਹ ਵੀ ਅਜੇ ਨਾ ਪੂਰੀ ਹੋਈ।
ਇਸ ਜੀਵਨ ਤੋਂ ਮਰਨ ਚੰਗੇਰਾ, ਜੀਵਨ ਦੀ ਹੁਣ ਲੋੜ ਨਾ ਕੋਈ।

# ਖਿੜ ਗਈ ਬਸੰਤ, ਅੱਜ ਖਿੜ ਗਈ ਬਹਾਰ ਜੀ

✍ ਗੁਰਮਖ ਸਿੰਘ 'ਰਤਨ'

ਖਿੜ ਗਈ ਬਸੰਤ ਅੱਜ ਖਿੜ ਗਈ ਬਹਾਰ ਜੀ।
ਚੜਿਆ ਸੀ ਚੰਨ ਅੱਜ ਭੈਣੀ ਵਿਚਕਾਰ ਜੀ
ਸਦਾ ਕੌਰ ਜੀ ਦਾ ਚੰਨ ਪਿਆਰਾ ਪਿਆਰਾ ਏ।
ਜੱਸਾ ਸਿੰਘ ਪਿਤਾ ਜੀ ਦੀ ਅਖੀਆਂ ਦਾ ਤਾਰਾ ਏ।
ਜਗ ਵਿਚ ਆਇਆ ਅੱਜ ਲੈ ਕੇ ਅਵਤਾਰ ਜੀ।
ਖਿੜ ਗਈ ਬਸੰਤ ਅੱਜ ਖਿੜ ਗਈ ਬਹਾਰ ਜੀ।

ਵੇਖ ਵੇਖ ਸਤਿਗੁਰਾਂ ਦੇ ਚੇਹਰੇ ਉਤੇ ਨੂਰ ਏ।
ਟੁੱਟ ਗਿਆ ਚੌਧਵੀਂ ਦੇ, ਚੰਨ ਦਾ ਗਰੂਰ ਏ।
ਜਗਮਗ ਹੋਇਆ ਅਜ ਸਾਰਾ ਸੰਸਾਰ ਜੀ।
ਖਿੜ ਗਈ ਬਸੰਤ ਅੱਜ ਖਿੜ ਗਈ ਬਹਾਰ ਜੀ।

ਨੈਣਾਂ ਵਿਚ ਜਾਦੂ ਕੋਈ ਭਰਿਆ ਕਮਾਲ ਏ।
ਜੀਹਦੇ ਵਲ ਤਕੇ ਹੁੰਦਾ ਜਾਵੇ ਉਹ ਨਿਹਾਲ ਏ।
ਤਪਦਿਆਂ ਸੀਨਿਆਂ ਨੂੰ ਦੇਂਵਦਾ ਏ ਠਾਰ ਜੀ।
ਖਿੜ ਗਈ ਬਸੰਤ ਅੱਜ ਖਿੜ ਗਈ ਬਹਾਰ ਜੀ।

ਚਿਟੀ ਚੰਨ ਚਾਨਣੀ ਦਾ ਚੋਲਾ ਮੈਂ ਸਿਵਾ ਦਿਆਂ
ਸੀ ਕੇ ਖਲ ਆਪਣੀ ਦਾ ਜੋੜਾਂ ਮੈਂ ਪੁਆ ਦਿਆਂ।
ਗਲ ਵਿਚ ਪਾਵਾਂ ਗੁੰਦ ਤਾਰਿਆਂ ਦਾ ਹਾਰ ਜੀ।
ਖਿੜ ਗਈ ਬਸੰਤ ਅੱਜ ਖਿੜ ਗਈ ਬਹਾਰ ਜੀ।

ਤੋੜਨੇ ਲਈ ਜਗ ਚੋਂ ਗੁਲਾਮੀ ਦੀ ਪੰਜਾਲ ਨੂੰ।
ਘਲਿਆ ਏ ਰਬ ਸਦਾ ਕੌਰ ਜੀ ਦੇ ਲਾਲ ਨੂੰ।
ਕੰਬ ਜਾਊ 'ਰਤਨ' ਹੁਣ ਗੋਰੀ ਸ੍ਰਕਾਰ ਜੀ।
ਖਿੜ ਗਈ ਬਸੰਤ ਅੱਜ ਖਿੜ ਗਈ ਬਹਾਰ ਜੀ।
ਚੜਿਆ ਸੀ ਚੰਨ ਅੱਜ ਭੈਣੀ ਵਿਚਕਾਰ ਜੀ

RNI NO.55658/93 Delhi Postal Regd. No. DL(W) 01/2055/15-17
License to Post Without Pre-Payment, U(C) - 169/2015-17



ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਵਿੱਚ ਬੀਬੀਆਂ ਨੂੰ ਪਹਿਲੀ ਵਾਰ ਅੰਮ੍ਰਿਤ ਦੀ ਦਾਤ ਬਖ਼ਸ਼ਣ ਦੀ ਕਿਰਪਾ ਦਾ ਦ੍ਰਿਸ਼ - ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿੱਚ ਆਪ ਜੀ ਦੇ ਹੁਕਮ ਅਨੁਸਾਰ ਪਿੰਡ ਸਿਆੜ੍ਹ ਜ਼ਿਲ੍ਹਾ ਲੁਧਿਆਣਾ ਵਿੱਚ 1 ਜੂਨ 1863 ਈ. ਨੂੰ ਪਹਿਲੀ ਵਾਰ ਅੰਮ੍ਰਿਤ ਛਕਾਉਣ ਦੀ ਕਿਰਪਾ ਕੀਤੀ ਗਈ।

ਅੰਗਰੇਜ਼ ਸਰਕਾਰ ਵਲੋਂ 1863 ਈ. ਤੋਂ ਲਾਈਆਂ ਨਜ਼ਰ ਬੰਦੀ ਦੀਆਂ ਪਾਬੰਦੀਆਂ ਤੋੜ ਕੇ ਸਤਿਗੁਰੂ ਰਾਮ ਸਿੰਘ ਜੀ ਨੇ 1867 ਈ. ਦਾ ਹੋਲਾ ਮਹੱਲਾ ਮਨਾਉਂਣ ਵਾਸਤੇ ਹਜਾਰਾਂ ਸਿੱਖਾਂ ਸੇਵਕਾਂ ਸਮੇਤ ਸ੍ਰੀ ਅਨੰਦਪੁਰ ਸਾਹਿਬ ਵੱਲ ਕੂਚ ਕੀਤਾ।





ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਅੰਗਰੇਜ਼ ਸਰਕਾਰ ਵਿਰੁੱਧ ਆਜ਼ਾਦੀ ਦਾ ਬਿਗੁਲ ਵਜਾਉਂਣ ਕਾਰਨ ਸਰਕਾਰ ਬਹੁਤ ਡਰ ਗਈ ਸੀ, ਜਿਸ ਕਾਰਨ 17 ਜਨਵਰੀ 1872 ਦੀ ਰਾਤ ਨੂੰ ਜਲਾਵਤਨੀ ਦੇ ਸਰਕਾਰੀ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਤੋਂ ਕੁੱਝ ਸੂਬਿਆਂ ਅਤੇ ਸੇਵਕਾਂ ਸਹਿਤ ਗੱਡੇ ਤੇ ਸਵਾਰ ਹੋ ਕੇ ਲੁਧਿਆਣਾ ਲਈ ਜਾਂਦੇ ਹੋਏ।

ਰੂਸ ਦੀ ਸਰਕਾਰ ਦਾ ਗੁਪਤ ਸੰਦੇਸ਼ ਪਹੁੰਚਾਉਣ ਲਈ ਪਹਿਰੇ ਵਾਲਿਆਂ ਤੋਂ ਨਜਰ ਬਚਾ ਕੇ ਮਰਗੋਈ (ਬਰਮ੍ਹਾ) ਜੇਲ੍ਹ ਦਾ ਜੰਗਲਾ ਟੱਪਦੇ ਹੋਏ ਸੰਤ ਮੀਹਾ ਸਿੰਘ - 1881 ਈ.



Subscriber's Address

Type setting by: CADCON
Designed by: SHWETA GRAPHICS

ਇਕ ਪ੍ਰਤੀ : ਪੰਜ ਰੁਪਈਏ
ਇਕ ਸਾਲ : ਦੇਸ - 250 ਰੁਪਈਏ, ਪ੍ਰਦੇਸ - 30 ਪੌਂਡ
ਪੰਜ ਸਾਲ : ਦੇਸ - 1000 ਰੁਪਈਏ, ਪ੍ਰਦੇਸ - 120 ਪੌਂਡ

ਦਿੱਲੀ
ਵੀਰਵਾਰ: ਸੂਰਜ ਚੜ੍ਹਣ ਦਾ ਸਮਾਂ-ਸਵੇਰੇ 7.03 ਮਿੰਟ
ਵੀਰਵਾਰ: ਸੂਰਜ ਡੁੱਬਣ ਦਾ ਸਮਾਂ-ਸ਼ਾਮੀਂ 6.08 ਮਿੰਟ

Printed and published by Mr. Harvendra Singh Hanspal on behalf of Namdhari Darbar. Printed at Ravindra Offset Press, A-26, Phase II, Narayana, New Delhi-110028 and published from Namdhari Gurdwara, Ramesh Nagar, New delhi-110015. Editor-Mr.Harvendra Singh Hanspal.
Phone: +91-9212318103, Email: satjugweekly@gmail.com
Issue No.1 of 11 February 2016